1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 105
ਨੰਬਰ 10

੧੭ ਤੋਂ ੩੧ ਹਾੜ ੨੦੮੨ ਬਿ.
01 to 15 July 2025

# ਸਤਿਜੁਗ



10/-

## ਸ੍ਰੀ ਸਤਿਗੁਰੂ ਜੀ ਨਾਲ ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਜੇ. ਪੀ ਨੱਢਾ ਨੇ ਮੁਲਾਕਾਤ ਕੀਤੀ।

28.05.2025







# ਸਤਿਜੁਗ

੧੭ ਤੋਂ ੩੧ ਹਾੜ ੨੦੮੨ ਬਿ.
1 ਤੋਂ 15 ਜੁਲਾਈ 2025 ਈ.
ਜਿਲਦ 105, ਨੰਬਰ 10



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*
THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


## ਤਤਕਰਾ


* ਸੰਪਾਦਕੀ....................................................4
* ਗੁਰਬਾਣੀ ਵਿਆਖਿਆ..........................................6
* ਸਮਰੂਪਤਾ
  ਪੂਰਨ ਸਿੰਘ............................................8
* ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥
  ਸੁਵਰਨ ਸਿੰਘ ਵਿਰਕ.................................10
* ਸਿੱਖ ਧਰਮ ਦਰਸ਼ਨ
  ਗੁਰੂਬਚਨ ਸਿੰਘ ਨਾਮਧਾਰੀ............................14
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ..............................17
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ..........................20
* The Musical Legacy of the Namdhari Community: Tradition, Reform and Revival in Sikh Devotional Music
  Dr. Gurdeep Singh Sandhu.............................23
* MURDER OFBEEF BUTCHERS BY KUKAS
  Dr. Gurdev Singh Sidhu...............................29
* ਖ਼ਬਰਨਾਮਾ..................................................35



ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

**ਸੰਪਾਦਕੀ**

ਹਾਦਸੇ ਅਕਸਰ ਸੁਪਨਿਆਂ, ਉਮੀਦਾਂ, ਰਿਸਤਿਆਂ ਅਤੇ ਜ਼ਿੰਦਗੀਆਂ ਨੂੰ ਖ਼ਤਮ ਕਰ ਦਿੰਦੇ ਹਨ। ਬਾਰਾਂ ਜੂਨ ਨੂੰ ਅਹਿਮਦਾਬਾਦ ਵਿਚ ਵਾਪਰਿਆ ਹਵਾਈ ਹਾਦਸਾ 265 ਜ਼ਿੰਦਗੀਆਂ ਖ਼ਤਮ ਕਰ ਗਿਆ। ਇਹ ਭਿਆਨਕ ਹਾਦਸਾ ਕੁਝ ਸੈਂਕਿੰਡਾ ਵਿਚ ਹੀ ਵਾਪਰ ਗਿਆ ਅਤੇ ਹਵਾਈ ਜਹਾਜ ਟਕਰਾਉਣ ਤੋਂ ਬਾਅਦ ਅੱਗ ਦੀ ਲਪੇਟ ਵਿਚ ਤਾਪਮਾਨ ਦੀ ਭੱਟੀ ਬਣ ਗਿਆ ਜਿਸ ਵਿਚ ਸਾਰੇ ਯਾਤਰੀ ਸਮੇਤ ਜਹਾਜ ਮੈਂਬਰ ਬੁਰੀ ਤਰ੍ਹਾਂ ਝੁਲਸ ਗਏ। ਜਿਨ੍ਹਾਂ ਦੀ ਪਹਿਚਾਣ ਡੀ.ਐਨ.ਏ ਟੈਸਟ ਨਾਲ ਕੀਤੀ ਜਾਵੇਗੀ। ਦੂਸਰਾ ਜਹਾਜ ਜਿਸ ਬਿਲਡਿੰਗ ਨਾਲ ਟਕਰਾਇਆ ਉਹ ਮੈਡੀਕਲ ਕਾਲਜ ਦੀ ਇਮਾਰਤ ਸੀ। ਜਿਥੇ 24 ਜ਼ਿੰਦਗੀਆਂ ਖਤਮ ਹੋ ਗਈਆਂ।

ਦੁਨੀਆਂ ਵਿਚ ਸਭ ਤੋਂ ਸੁਰਖਿਅਤ ਮੰਨੀ ਜਾਣ ਵਾਲੀ ਹਵਾਈ ਯਾਤਰਾ ਇਕ ਵਾਰ ਫਿਰ ਸਵਾਲਾਂ ਦੇ ਘੇਰੇ ਵਿਚ ਹੈ। ਗਲਤੀਆਂ ਦੀ ਸਹੀ ਨਿਸ਼ਾਨਦੇਹੀ ਕਰਨਾ ਬੇਹੱਦ ਜ਼ਰੂਰੀ ਹੁੰਦਾ ਹੈ।

ਏਅਰ ਇੰਡੀਆ ਭਾਂਵੇ ਹੁਣ ਸਰਕਾਰੀ ਕੰਪਨੀ ਨਹੀਂ, ਭਾਰਤੀ ਹੋਣ ਕਾਰਨ ਇਸ ਦਾ ਵਿਕਾਰ ਡਿੱਗਣਾ ਭਾਰਤ ਲਈ ਵੱਡੀ ਨਾਮੋਸ਼ੀ ਹੈ। ਜਿਥੇ ਛੋਟੇ ਛੋਟੇ ਦੇਸ਼ਾਂ ਦੀਆਂ ਏਅਰਲਾਈਨਾ ਵਰਲਡ ਰੈਂਕਿੰਗ ਵਿਚ ਮੱਲਾ ਮਾਰ ਰਹੀਆਂ ਹਨ। ਓਥੇ ਏਅਰ ਇੰਡੀਆ ਦੇ ਅੰਕੜੇ ਕਾਫ਼ੀ ਤਰਸਯੋਗ ਹਨ। ਇਸ ਹਾਦਸੇ ਵਿਚ ਬੋਇੰਗ ਨੂੰ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ। ਜੇ ਜਾਂਚ ਦੌਰਾਨ ਐਸੀਆਂ ਗੱਲਾ ਸਾਹਮਣੇ ਆਉਂਦੀਆਂ ਹਨ ਕਿ ਕਾਰੋਬਾਰੀ ਨਜ਼ਰੀਏ ਨਾਲ ਲੋਕਾਂ ਦੀ ਸੁਰੱਖਿਆ ਨਾਲ ਕੋਈ ਖਿਲਵਾੜ ਹੈ ਤਾਂ ਨਿਰਮਾਣ ਕਾਰ ਅਤੇ ਨਿਗਰਾਣ ਦੋਵੇਂ ਦੋਸ਼ੀ ਐਲਾਣੇ ਜਾਣੇ ਚਾਹੀਦੇ ਹਨ। ਭਵਿੱਖ ਵਿਚ ਐਸਾ ਕੋਈ ਭਿਆਨਕ ਹਾਦਸਾ ਨਾ ਵਾਪਰੇ ਇਸ ਲਈ ਨਿਰਮਾਣ ਕਾਰ ਕੰਪਨੀਆਂ ਅਤੇ ਨਿਗਰਾਨ ਕੰਪਨੀਆਂ ਦੇ ਕੰਮ ਵਿਚ ਪਾਰਦਰਸ਼ਤਾ ਹੋਣੀ ਜ਼ਰੂਰੀ ਹੈ।

ਭਾਰਤ ਦਾ ਹਵਾਬਾਜ਼ੀ ਖੇਤਰ ਲਗਾਤਾਰ ਵੱਧ ਰਿਹਾ ਹੈ। ਪਿਛਲੇ ਸਾਲ ਘਰੇਲੂ ਅਤੇ ਇੰਟਰਨੇਸ਼ਨਲ ਸਫ਼ਰ ਕਰਨ ਵਾਲਿਆ ਦੀ ਤਦਾਦ ਰਿਕਾਰਡ ਉਚਾਈ 'ਤੇ ਪਹੁੰਚੀ ਸੀ। ਆਉਣ ਵਾਲੇ ਸਮੇਂ ਵਿਚ ਇਹ ਹੋਰ ਵੱਧਣ ਦੀਆਂ ਸੰਭਾਵਨਾਵਾਂ ਹਨ। ਅੱਜ ਹਰ ਬੰਦਾ ਸਮੇਂ ਦੀ ਸਾਰਥਕ ਵਰਤੋਂ ਕਰਨਾ ਚਾਹੁੰਦਾ ਹੈ। ਇਸ ਲਈ ਉਹ ਹਵਾਈ ਸਫ਼ਰ ਨੂੰ ਪਹਿਲ ਦਿੰਦਾ ਹੈ। ਇਸ ਨਾਲ ਭਾਰਤੀ ਹਵਾਈ ਕੰਪਨੀਆਂ ਦੀ ਜ਼ਿੰਮੇਵਾਰੀ ਹੋਰ ਵੱਧ ਜਾਂਦੀ ਹੈ।

157 ਹਵਾਈ ਅੱਡਿਆ ਵਾਲਾ ਸਾਡਾ ਦੇਸ ਘਰੇਲੂ ਕੁਨੈਕਟੀਵਿਟੀ ਅਤੇ ਸੈਰ ਸਪਾਟੇ ਨੂੰ ਵਧਾਉਣ ਲਈ ਹਵਾਈ ਖੇਤਰ ਦਾ ਵਿਕਾਸ ਤੇਜੀ ਨਾਲ ਕਰ ਰਿਹਾ ਹੈ। ਇਸ ਵਿਕਾਸ ਵਿਚ ਸੁਰਖਿਆ ਢਾਂਚੇ ਲਈ ਕਿਨ੍ਹਾਂ ਯਤਨ ਹੋ ਰਿਹਾ ਹੈ ਇਹ ਸਭ ਤੋਂ ਮਹੱਤਪੂਰਨ ਵਿਸ਼ਾ ਹੋਣਾ ਚਾਹੀਦਾ ਹੈ।

ਇਸ ਹਾਦਸੇ ਦੇ ਸਦਮੇ 'ਚੋਂ ਲੋਕ ਨਿਕਲੇ ਨਹੀਂ ਸਨ ਕਿ ਕੱਲ੍ਹ 15 ਜੂਨ ਨੂੰ ਕੇਦਾਰਨਾਥ ਇਕ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ। ਇਸ ਵਿਚ ਸੱਤ ਲੋਕ ਮਾਰੇ ਗਏ। ਇਸ ਸਾਲ ਇਹ ਕੇਦਾਰਨਾਥ ਯਾਤਰਾ ਦੌਰਾਨ ਦੂਸਰਾ ਹਾਦਸਾ ਹੈ। ਹਵਾਈ ਸਫ਼ਰ ਪੂਰੀ ਤਰ੍ਹਾਂ ਸਵਾਲਾਂ ਵਿਚ ਘਿਰਿਆ ਹੋਇਆ ਹੈ। ਇਹ ਹਾਦਸੇ ਪਲ ਭਰ ਵਿੱਚ ਕਈ ਘਰਾਂ ਦੇ ਚਿਰਾਗ ਬੁਝਾ ਦਿੰਦੇ ਹਨ। ਲੱਖਾਂ ਸੁਫਨੇ ਰਿਸ਼ਤੇ ਅਤੇ ਸਧਰਾਂ ਹਾਦਸੇ ਦੇ ਧੂੰਏ ਵਿਚ ਖਤਮ ਹੋ ਜਾਂਦੇ ਹਨ।

ਅਹਿਮਦਾਬਾਦ ਹਾਦਸੇ ਵਿਚ ਇਕ ਮੁਸਾਫਰ ਵਿਸ਼ਵਾਸ਼ ਕੁਮਾਰ ਰਮੇਸ਼ ਬਚ ਗਿਆ। ਇਹ ਇਕ ਕਰਿਸ਼ਮਾ ਹੀ ਹੈ। ਇਸ ਚਮਤਕਾਰ ਦਾ ਉਸਨੂੰ ਵੀ ਵਿਸ਼ਵਾਸ ਨਹੀਂ ਹੋ ਰਿਹਾ। ਡੀ.ਡੀ ਨਿਊਜ ਨੂੰ ਦਿੱਤੀ ਇੰਟਰਵਿਊ ਵਿਚ ਉਹ ਕਹਿ ਰਿਹਾ ਹੈ ਕਿ "ਮੈਨੂੰ ਵਿਸ਼ਵਾਸ਼ ਨਹੀਂ ਹੋ ਰਿਹਾ ਮੈਂ ਬਚ ਗਿਆ ਹਾਂ। ਸਾਰੇ ਲੋਕ ਮੇਰੀਆਂ ਅੱਖਾਂ ਸਾਹਮਣੇ ਖਤਮ ਹੋ ਗਏ।" ਹੁਣ ਤੱਕ ਦੇ ਹਵਾਈ ਹਾਦਸਿਆਂ ਵਿਚੋਂ ਇਹ ਸਭ ਤੋਂ ਭਿਆਨਕ ਹਾਦਸਾ ਸੀ।

........................................................

# ਗੁਰਬਾਣੀ ਵਿਆਖਿਆ - ਆਸਾ ਦੀ ਵਾਰ

**ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥**
ਹੇ ਪਰਮੇਸ਼ਰ! ਜੋ ਤੇਰੇ ਨਾਮ ਦੁਆਰਾ ਸੱਚ ਵਿੱਚ ਰੰਗੇ ਹੋਏ ਸਨ,
ਉਹ ਜਿੱਤ ਗਏ ਅਤੇ ਜੋ ਠੱਗੀਆਂ ਮਾਰਨ ਵਾਲੇ ਸਨ, ਉਹ ਜੀਵਨ ਰੂਪੀ ਬਾਜੀ ਹਾਰ ਗਏ।
O Lord! Those who are imbibed in Your Naam, win;
whilst those who are deceitful, lose.

**ਲਿਖਿ ਨਾਵੈ ਧਰਮੁ ਬਹਾਲਿਆ॥2॥**
ਜੀਵਾਂ ਦੇ ਲੇਖਾ ਲਿਖਣ ਦੇ ਕਾਰਜ ਲਈ ਧਰਮਰਾਜ ਨਿਯੁਕਤ ਕੀਤਾ ਹੈ।
God appointed Dharamraj (Judge of Righteousness) to account for people's actions.

**ਸਲੋਕ ਮਃ 1॥**

**ਵਿਸਮਾਦੁ ਨਾਦ ਵਿਸਮਾਦੁ ਵੇਦ॥**
ਸਭ ਧੁਨੀਆਂ ਵਿੱਚ ਅਸਚਰਜਤਾ (ਹੈਰਾਨੀ) ਹੈ,
ਲਿਖਤੀ ਗਿਆਨ ਵਿੱਚ ਵੀ ਅਸਚਰਜਤਾ ਹੈ।
Amazing are the melodies and the scriptures.

**ਵਿਸਮਾਦੁ ਜੀਅ ਵਿਸਮਾਦੁ ਭੇਦ॥**
ਜੀਵਨ ਵਿੱਚ ਵੀ ਅਸਚਰਜਤਾ ਹੈ, ਭਿੰਨਤਾਵਾਂ ਵਿੱਚ ਵੀ ਅਸਚਰਜਤਾ ਹੈ।
Amazing is life and the diversity found within.

**ਵਿਸਮਾਦੁ ਰੂਪ ਵਿਸਮਾਦੁ ਰੰਗ॥**
ਜੀਵਾਂ ਦੇ ਵੱਖ-ਵੱਖ ਰੂਪਾਂ ਅਤੇ ਸੁਭਾਵ ਵਿੱਚ ਵੀ ਅਸਚਰਜਤਾ ਹੈ।
Amazing are the various forms and colors of the creatures.

**ਵਿਸਮਾਦੁ ਨਾਗੇ ਫਿਰਹਿ ਜੰਤ॥**
ਅਨੇਕਾਂ ਜੰਤੂਆਂ ਦਾ ਨੰਗੇ ਫਿਰਨਾ ਵੀ ਅਸਚਰਜਤਾ ਹੈ।
Amazing are the beings who roam naked.

**ਵਿਸਮਾਦੁ ਪਉਣੁ ਵਿਸਮਾਦੁ ਪਾਣੀ॥**
ਹਵਾ ਪਾਣੀ ਦੇ ਵੱਖ-ਵੱਖ ਰੰਗਾਂ ਵਿੱਚ ਵੀ ਅਸਚਰਜਤਾ ਹੈ।
Amazing are the characters of air and the water.

**ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥**
ਅੱਗ ਅਤੇ ਉਸ ਦੀਆਂ ਖੇਡਾਂ ਵਿੱਚ ਵੀ ਅਸਚਰਜਤਾ ਹੈ।
Amazing are the manifestations of fire.

**ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥**
ਜ਼ਮੀਨ ਵਿੱਚ ਵੀ ਅਸਚਰਜਤਾ ਹੈ, ਚਾਰੇ ਖਾਣੀਆਂ ਵਿੱਚ ਵੀ ਅਸਚਰਜਤਾ ਹੈ।
Amazing is the earth and the sources of creation.

**ਵਿਸਮਾਦੁ ਸਾਦਿ ਲਗਹਿ ਪਰਾਣੀ ॥**
ਲੋਕਾਂ ਦੀਆਂ ਰੁਚੀਆਂ ਅਨੁਸਾਰ ਵੱਖ-ਵੱਖ ਰਸਾਂ ਵਿੱਚ ਵੀ ਅਸਚਰਜਤਾ ਹੈ।
Amazing are the worldly tastes to which humans are attached.

**ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥**
ਮਿਲਣ ਅਤੇ ਵਿਛੜਨ ਵਿੱਚ ਵੀ ਅਸਚਰਜਤਾ ਹੈ।
Amazing is the union and the separation.

**ਵਿਸਮਾਦੁ ਭੁਖ ਵਿਸਮਾਦੁ ਭੋਗ ॥**
ਭੁੱਖ ਵਿੱਚ ਵੀ ਅਸਚਰਜਤਾ ਹੈ, ਭੋਗ ਵਿੱਚ ਵੀ ਅਸਚਰਜਤਾ ਹੈ।
Amazing is the starvation and amazing is contentment
(Guru Ji is observing the amazing creation of God).

**ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥**
ਪਰਮੇਸ਼ਰ ਦੀ ਸਿਫ਼ਤ-ਸਾਲਾਹ ਵਿੱਚ ਵੀ ਅਸਚਰਜਤਾ ਹੈ।
Amazing is the praise and adoration.

**ਵਿਸਮਾਦੁ ਉਝੜਿ ਵਿਸਮਾਦੁ ਰਾਹ ॥**
ਭਟਕ ਜਾਣ ਵਿੱਚ ਵੀ ਅਸਚਰਜਤਾ ਹੈ, ਰਾਹੇ ਪੈਣ ਵਿੱਚ ਵੀ ਅਸਚਰਜਤਾ ਹੈ।
The wilderness as well as the returning to path are amazing.

**ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥**
ਪਰਮੇਸ਼ਰ ਨੂੰ ਨੇੜੇ ਤੇ ਦੂਰ ਵੇਖਣ ਵਿੱਚ ਵੀ ਅਸਚਰਜਤਾ ਹੈ।
Amazing is the intimacy and separation.

**ਵਿਸਮਾਦੁ ਦੇਖੈ ਹਾਜਰਾ ਹਜੂਰਿ ॥**
ਨੇੜ੍ਹੇ ਤੋਂ ਨੇੜ੍ਹੇ ਵੇਖਿਆਂ ਵੀ ਅਸਚਰਜਤਾ ਹੈ।
Amazing is the omnipresence of God.

**ਨਾਮਧਾਰੀ ਨਿਤਨੇਮ ਸਟੀਕ ਵਿਚੋਂ**



# ਸਮਰੂਪਤਾ

**ਪੂਰਨ ਸਿੰਘ**

ਜੇ ਇਸ ਧਰਤੀ ਦੀਆਂ ਕੌਮਾਂ ਨੂੰ ਗੁਰੂ ਸਾਹਿਬ ਦੇ ਉਪਦੇਸ਼ਾਂ ਦੀ ਪੂਰਨ ਵਿਆਖਿਆ ਕਰਕੇ ਦੱਸੀ ਜਾਵੇ ਤਾਂ ਸੰਸਾਰ ਦੇ ਹਰ ਰਾਸ਼ਟਰ ਨੂੰ ਇੰਝ ਪ੍ਰਤੀਤ ਹੋਵੇਗਾ ਜਿਵੇਂ ਗੁਰੂ ਗ੍ਰੰਥ ਸਾਹਿਬ ਉਨ੍ਹਾਂ ਦਾ ਆਪਣਾ ਹੀ ਧਰਮ-ਗ੍ਰੰਥ ਹੈ।

ਧਰਤੀ ਦੀਆਂ ਸਾਰੀਆਂ ਕੌਮਾਂ ਗੁਰੂ ਜੀ ਨੂੰ ਉਨ੍ਹਾਂ ਦੇ ਜੀਵਨ ਦੀ ਕਿਰਤ ਅਤੇ ਪ੍ਰੇਮ ਦੀ ਉੱਚਤਮ ਕਵਿਤਾ ਦੁਆਰਾ ਆਪਣੇ ਅੰਗ-ਸੰਗ ਅਨੁਭਵ ਕਰਨਗੀਆਂ। ਜਿਨ੍ਹਾਂ ਲੋਕਾਂ ਵਿਚ ਜੀਵਨ ਦੀ ਚਿੰਗਿਆੜੀ ਮੌਜੂਦ ਹੈ, ਉਨ੍ਹਾਂ ਨੂੰ ਇਹ ਗੱਲ ਪ੍ਰਭਾਤ ਦੇ ਆਗਮਨ ਸਮਾਨ ਲਗੇਗੀ। ਜੀਵਨ ਦੇ ਮਹਾਨ ਸੰਗੀਤ ਵਿਚ ਪੂਰਬ ਤੇ ਪੱਛਮ ਦਾ ਕੋਈ ਭੇਦ ਨਹੀਂ ਹੈ। ਇਸਾਈ ਕੌਮਾਂ ਨੂੰ ਗੁਰੂ-ਗ੍ਰੰਥ ਸਾਹਿਬ ਵਿਚੋਂ ਅੰਜੀਲ ਤੇ ਮੁਸਲਿਮ ਕੌਮਾਂ ਨੂੰ ਕੁਰਾਨ ਲੱਭ ਪਵੇਗਾ। ਸੰਸਕ੍ਰਿਤ ਭਾਸ਼ਾ ਵਿਚ ਉਪਨਿਸ਼ਦਾਂ ਦੇ ਪ੍ਰੇਮੀਆਂ ਨੂੰ ਗੁਰੂ ਦੀ ਬਾਣੀ ਦੇ ਸੰਗੀਤ ਵਿਚ ਭਾਰਤ ਦੀ ਪ੍ਰਾਚੀਨ ਸਿਆਣਪ ਦਿਸ ਪਵੇਗੀ। ਵਿਗਿਆਨਕ ਮਨ ਨੂੰ ਗੁਰੂ ਜੀ ਦੇ ਮਨ ਵਿਚ ਆਪਣੀ ਚਿੰਤਨਸ਼ੀਲ ਮਨੋ-ਬਿਰਤੀ ਦੇ ਪ੍ਰਤੀਬਿੰਬ ਦਿਖਾਈ ਦੇਣਗੇ। ਗੁਰੂ ਜੀ ਦੇ ਵਿਚਾਰ ਜੀਵਨ, ਪ੍ਰੇਮ ਤੇ ਕਿਰਤ ਦੇ ਸਬੰਧ ਵਿਚ ਹੈਰਾਨ ਕਰ ਦੇਣ ਦੀ ਹੱਦ ਤੱਕ ਕ੍ਰਾਂਤੀਕਾਰੀ ਹਨ। ਆਧੁਨਿਕ ਸਮਾਜਾਂ ਦੇ ਲੋਕ ਗੁਰੂ ਜੀ ਦੇ ਯੰਤਰਵਤ ਵਹਿਮਾਂ-ਭਰਮਾਂ ਨਾਲ ਭਰਪੂਰ ਧਾਰਮਿਕਤਾ ਤੇ ਦੰਭੀ ਪਵਿੱਤਰਤਾ ਦੇ ਖੰਡਨ ਨਾਲ ਪੂਰੀ ਤਰ੍ਹਾਂ ਸਹਿਮਤ ਹਨ।

ਕਰਮ-ਸਿਧਾਂਤ ਦਾ ਨੇਮ ਇਥੇ ਲਾਗੂ ਵੀ ਹੈ ਤੇ ਨਹੀਂ ਵੀ। ਇਹੋ ਕੁਝ ਹੀ ਬੁੱਧ ਤੇ ਜ਼ੋਰਾਸਟਰ ਦੇ ਦ੍ਰਿਸ਼ਟੀਕੋਣ ਬਾਰੇ ਕਿਹਾ ਜਾ ਸਕਦਾ ਹੈ।

ਆਤਮਵੇਤਾ ਤੇ ਭੌਤਿਕ-ਵਿਗਿਆਨ ਦੇ ਖੋਜੀ ਇਹ ਗੱਲ ਜਾਣ ਲੈਣਗੇ ਕਿ ਗੁਰੂ ਜੀ ਨੇ ਵਿਸ਼ੇਸ਼ ਤੌਰ ਤੇ ਇਸ ਗੱਲ ਵੱਲ ਸੰਕੇਤ ਕੀਤਾ ਹੈ ਕਿ ਦ੍ਰਿਸ਼ਟਮਾਨ ਸੰਸਾਰ ਤੋਂ ਪਰੇ ਆਤਮਾ ਦੇ ਸੰਸਾਰ ਦੀ ਹੋਂਦ ਵੀ ਮੌਜੂਦ ਹੈ। ਇਸ ਆਤਮਕ ਸਮਾਜ ਵਿਚ ਵੀ ਆਤਮਾਵਾਂ ਦੇ ਕਈ ਸਰੂਪ ਵਿਦਮਾਨ ਹਨ-ਕੁਝ ਭਲੇ, ਕੁਝ ਬੁਰੇ ਤੇ ਕੁਝ ਨਿਰਲੇਪ ਰਹਿਣ ਵਾਲੇ ਇਨ੍ਹਾਂ ਸਭ ਤੋਂ ਉਪਰ ਸ਼ੁਧ ਆਤਮਾਵਾਂ ਦਾ ਮੰਡਲ ਹੈ, ਜਿਥੇ ਆਤਮਾ ਸ਼ੁਧ ਸੁਤੰਤਰਤਾ ਵਿਚ ਪੂਰਨ ਰੂਪ ਵਿਚ ਜਗਮਗਾ ਰਹੀ ਹੈ। ਇਹ ਸ਼ੁਧ ਸੁਤੰਤਰਤਾ ਜਾਂ ਨਿਰੁਕਸ਼ ਆਤਮਕਤਾ ਸਭ ਪ੍ਰਕਾਰ ਦੇ ਜੀਵਨ ਦੀ ਅੰਤਿਮ ਸਿਧੀ ਜਾਂ ਲਕਸ਼ ਹੁੰਦਾ ਹੈ।

ਵਿਸ਼ਵ-ਵਿਆਪੀ ਇਕਸੁਰਤਾ ਦੇ ਆਤਮਕ ਰੰਗ ਵਿਚ ਰੰਗਿਆ ਹੋਇਆ ਵੈਦਾਂਤੀ ਇਹ ਵੇਖ ਸਕਦਾ ਹੈ ਕਿ ਗੁਰੂ ਜੀ ਮਨੁੱਖ ਤੇ ਪ੍ਰਕ੍ਰਿਤੀ ਦੀ ਪੂਜਾ ਕਰਦੇ ਹਨ ਤੇ ਇਸ ਦਾ ਉਸੇ ਤਰ੍ਹਾਂ ਸਨਮਾਨ ਕਰਦੇ ਹਨ ਜਿਵੇਂ ਉਹ ਪ੍ਰਭੂ-ਪ੍ਰੀਤਮ ਦਾ ਕਰਦੇ ਹਨ।

ਇਕ ਬੋਧੀ ਨੂੰ ਗੁਰੂ ਜੀ ਵਿਚ ਆਪਣਾ ਹੀ ਮਾਰਗ ਦਿਖਾਈ ਦੇਵੇਗਾ, ਜਿਸ ਤਰ੍ਹਾਂ ਉਹ ਇਕ ਇਸਾਈ ਨੂੰ ਮਿਲ ਰਿਹਾ ਹੁੰਦਾ ਹੈ।

"ਜੋ ਬੀਜੋਗੇ, ਉਹੋ ਹੀ ਲੁਣੋਗੇ।" "ਤੁਹਾਡੇ ਸਾਹਮਣੇ ਤੁਹਾਡੇ ਕਰਮਾਂ ਦਾ ਲੇਖਾ ਜੱਖਾ ਕੀਤਾ ਜਾਵੇਗਾ ਅਤੇ ਇਸ ਵਿਚ ਰਾਈ ਜਿਨੀ ਵੀ ਵਾਧ ਘਾਟ ਨਹੀਂ ਹੋ ਸਕੇਗੀ।" 'ਪ੍ਰਭੂ ਦਾ ਪ੍ਰੇਮ ਤਾਂ ਖਿਮਾਂ ਕਰ ਦੇਣ ਵਿਚ ਹੈ। ਇਸ ਦੁਆਰਾ ਪ੍ਰਭੂ ਦਾ ਨਿਵਾਸ ਮਨੁੱਖ ਦੇ ਅੰਦਰ ਹੁੰਦਾ ਹੈ ਤੇ ਇਹੀ ਸਭ ਤੋਂ ਉਚਾ ਸਦਾਚਾਰ ਹੈ।" ਪ੍ਰਭੂ ਦੀ ਕ੍ਰਿਪਾ-ਦ੍ਰਿਸ਼ਟੀ ਦੁਆਰਾ ਹੀ ਕਰਮਾਂ ਦੇ ਬੰਧਨ ਤੋਂ ਮੁਕਤੀ ਮਿਲ ਸਕਦੀ ਹੈ।

ਗੁਰੂ ਜੀ ਤਾਂ ਇਥੋਂ ਤੱਕ ਕਹਿ ਦਿੰਦੇ ਹਨ, "ਹੇ ਮੁਸਲਮਾਨ ! ਜਿਹੜਾ ਵਿਵਹਾਰ ਤੁਸੀਂ ਕਰ ਰਹੇ ਹੋ, ਉਹ ਨਿਪਟ ਅਗਿਆਨ ਹੈ। ਸੱਚਾ ਇਸਲਾਮ ਤਾਂ ਰੱਬ ਦੀ ਰਜ਼ਾ ਵਿਚ ਵਿਚਰ ਕੇ ਸਭ ਕੁਝ ਦਾ ਤਿਆਗ ਕਰਨ ਵਿਚ ਹੈ । ਸੱਚਾ ਇਸਲਾਮ ਤਾਂ ਪ੍ਰੇਮ ਜਾਂ ਮੁਹੱਬਤ ਵਿਚ ਹੈ। ਇਹ ਬੜਾ ਮੁਸ਼ਕਿਲ ਹੈ। ਕੇਵਲ ਆਪਣੇ ਆਪ ਨੂੰ ਮੁਸਲਿਮ ਕਹਾਕੇ ਤੁਸੀਂ ਸਚਮੁਚ ਹੀ ਅਜਿਹਾ ਬਣ ਸਕਦੇ ਹੋ।" "ਹੇ ਹਿੰਦੂ! ਸੱਚਾ ਯੋਗ ਤਾਂ ਨਾਮ ਵਿਚ ਹੈ, ਨਾ ਕਿ ਤੁਹਾਡੀਆਂ ਅਨਿਕ ਪ੍ਰਕਾਰ ਦੇ ਵਰਤਾਂ-ਨੇਮਾਂ ਵਿਚ" "ਹੇ ਯੋਗੀ! ਜੇ ਤੇਰਾ ਚਿਤ ਕਰਤਾ ਪੁਰਖ ਦੀ ਪਰਮ ਸ਼ਾਤੀ ਨਾਲ ਇਕਸੁਰ ਹੈ ਤਾਂ ਇਹੋ ਹੀ ਆਤਮ ਵਸੀਕਾਰ ਹੈ ਜਿਸ ਨੇ ਆਤਮਾ ਨੂੰ ਜਿਤ ਲਿਆ ਹੈ

ਅਰਥਾਤ ਮਨ ਉਤੇ ਕਾਬੂ ਪਾ ਲਿਆ ਹੈ, ਉਸ ਨੇ ਸੰਸਾਰ ਨੂੰ ਵੀ ਜਿਤ ਲਿਆ ਹੈ।" ਇਸ ਦੇ ਬਾਵਜੂਦ ਹਿੰਦੂਆਂ, ਜੈਨੀਆਂ ਤੇ ਮੁਸਲਮਾਨਾਂ ਦੇ ਦੰਭਾਂ ਦਾ ਨਿਖੇਧ ਕੀਤਾ ਗਿਆ ਹੈ ਕਿਉਂ ਜੋ ਦੰਭ ਮਨੁੱਖ ਵਲੋਂ ਮੰਨੇ ਜਾਂਦੇ ਸਾਰੇ ਧਰਮਾਂ ਵਿਚ ਜ਼ਹਿਰ ਘੋਲ ਦਿੰਦਾ ਹੈ। ਗੁਰੂ ਜੀ ਦੇ ਇਸ ਵਿਸ਼ਵ-ਵਿਆਪੀ ਧਰਮ ਦੀ ਪ੍ਰੇਰਨਾ ਸੰਕਲਨਵਾਦੀ ਦ੍ਰਿਸ਼ਟੀਕੋਣ ਤੇ ਨਵਾਂ ਸੰਸ਼ਲੇਸ਼ਣ ਦ੍ਰਿਸ਼ਟੀਗੋਚਰ ਵਿਚ ਕਈਆਂ ਨੂੰ ਨਵਾਂ ਹੁੰਦਾ ਹੈ। ਪਰ ਇਹ ਵਿਸ਼ਵ ਵਿਆਪਕਤਾ ਵਿਦਵਾਨਾਂ ਵਾਲੀ ਮਾਨਸਿਕ ਸਰੂਪ ਵਾਲੀ ਨਹੀਂ ਹੈ ਸਗੋਂ ਆਤਮਕ ਸਰੂਪ ਵਾਲੀ ਹੈ। ਇਹ ਤਾਂ ਇਕ ਤਰ੍ਹਾਂ ਦਾ ਸਜੀਵ ਸਮੂਹ ਹੈ ਜੋ ਧਰਤ ਤੇ ਆਕਾਸ਼ ਵਿਚੋਂ ਸਫੁਟਿਤ ਹੋ ਰਿਹਾ ਹੈ। ਸਾਰਾ ਅਤੀਤ ਇਸ ਵਰਤਮਾਨ ਵਿਚ ਵਿਆਪਕ ਹੈ। ਇਹ ਮਤ ਕਿਸੇ ਮਾਨਸਿਕ ਤੇ ਨੈਤਿਕ ਪ੍ਰੀਸ਼ਰਮ ਦੀ ਦੇਣ ਨਹੀਂ ਹੈ, ਨਾ ਹੀ ਇਹ ਕਿਸੇ ਨਿਗੁਣੀ ਪ੍ਰਯੋਗਸ਼ਾਲਾ ਦੀ ਉਪਜ ਹੈ। ਇਹ ਤਾਂ ਕਰਤਾ-ਪੁਰਖ ਦਾ ਆਪਣੇ ਵਲੋਂ ਕੀਤਾ ਗਿਆ ਸੰਸ਼ਲੇਸ਼ਣ ਹੈ, ਜੋ ਪ੍ਰਕ੍ਰਿਤੀ ਦੇ ਅਗਾਧ-ਬੋਧ ਰਹੱਸ ਦੀ ਮੌਨ ਸ਼ਾਂਤੀ ਵਿਚੋਂ ਉਤਪੰਨ ਹੁੰਦਾ ਹੈ ਅਤੇ ਇਹ ਇਸ ਤਰ੍ਹਾਂ ਉਤਪੰਨ ਹੁੰਦਾ ਹੈ, ਜਿਵੇਂ ਸੂਰਜ ਤੇ ਤਾਰੇ ਆਕਾਸ਼-ਗੰਗਾ ਵਿਚ ਜਗਮਗਾਉਂਦੇ ਹਨ।

ਗੁਰੂ ਜੀ ਨੇ ਹਿੰਦੂ-ਮਤ ਵਲੋਂ ਵਰਤੀ ਜਾਂਦੀ ਭਾਸ਼ਾ ਦਾ ਉਪਯੋਗ ਕੀਤਾ ਹੈ। ਚੇਤੰਨਯ ਦਾ 'ਹਰੀ ਹਰੀ' ਜਪਣਾ ਵੈਸ਼ਨਵ-ਮਤ ਦਾ ਸਿਖਰ ਹੈ, ਜੋ ਉਸ ਦੇ ਸੁਪਨਿਆਂ ਵਿਚ ਸਾਕਾਰ ਹੋਇਆ ਹੈ। ਗੁਰੂ ਜੀ ਉਸ ਨਾਲ ਵੀ ਗੋਸ਼ਟਿ ਕਰਦੇ ਹਨ। ਆਪ ਕੋਲ ਫਰੀਦ ਅਤੇ ਮੀਆਂ ਮੀਰ ਵਰਗੇ ਮੁਸਲਮ ਦਰਵੇਸ਼ ਆਉਂਦੇ ਹਨ। ਗੁਰੂ ਜੀ ਅਤੇ ਉਨ੍ਹਾਂ ਦੇ ਸਿਖਾਂ ਲਈ 'ਰਾਮ' ਤੇ 'ਰਹੀਮ' 'ਦੇਹੁਰਾ' ਤੇ 'ਮਸੀਤ' ਇਕ ਸਮਾਨ ਹਨ। ਇਸਾਈਆਂ ਦਾ ਗਿਰਜਾ ਵੀ ਇਨ੍ਹਾਂ ਤੋਂ ਵਖਰਾ ਨਹੀਂ ਹੈ।

**ਗੁਰੂ ਜੀ ਤਾਂ ਲੋਕਾਂ ਤੋਂ ਬਸ ਇਹੋ ਹੀ ਸਵਾਲ ਪੁੱਛਦੇ ਹਨ ਕੀ ਮਨੁੱਖ ਪ੍ਰਭੂ-ਪ੍ਰੀਤਮ ਨਾਲ ਜੁੜ ਕੇ ਸਿਧਾ-ਸਾਦਾ ਜੀਵਨ ਬਤੀਤ ਕਰ ਰਿਹਾ ਹੈ ? ਕੀ ਉਹ ਖਿਮਾਂ ਕਰਨ, ਗਿਲੇ- ਰਹਿਤ ਪ੍ਰੇਮ ਦੁਆਰਾ ਸੇਵਾ ਤੇ ਕਿਰਤ ਕਰਦੇ ਅਤੇ ਵੰਡ ਕੇ ਛਕਦੇ ਹਨ ? ਕੀ ਉਹ ਗੁਰਮੁਖ ਵੱਲ ਇਸ ਤਰ੍ਹਾਂ, ਆਕਰਸ਼ਿਤ ਹਨ ਜਿਵੇਂ ਅਨੰਤ ਵਿਚ ਵਿਭਿੰਨ ਨਛੱਤਰ ਆਪਣੇ ਕੇਂਦਰ-ਬਿੰਦੂ ਸੂਰਜ ਦੁਆਲੇ ਪ੍ਰਕਰਮਾ ਕਰ ਰਹੇ ਹਨ ? ਕੀ ਉਹ ਆਪ ਮੁਹਾਰੇ ਉਤਪੰਨ ਹੋਈ ਭਲਾਈ ਦੀ ਭਿੰਨੀ ਮਹਿਕ ਨੂੰ, ਜੋ ਕਿ ਮਨੁੱਖਤਾ ਦਾ ਸਾਰ ਤੱਤ ਹੈ। ਸਾਰੀ ਧਰਤ ਉਤੇ ਵੰਡ ਰਹੇ ਹਨ ? ਕੀ ਬਾਹਰ-ਮੁਖੀ ਸਥੂਲਤਾ, ਜਿਸ ਨੇ ਮਨੁੱਖ ਦੀ ਰੱਬਤਾ ਨੂੰ ਢਕਿਆ ਹੋਇਆ ਹੈ, ਉਹ ਉਸ ਤੋਂ ਉਪਰ ਉਠ ਖਲੋਤੇ ਹਨ ਅਤੇ ਉਸ ਉਤੇ ਭਾਰੂ ਹੋ ਗਏ ਹਨ ? ਕੀ ਮਨੁੱਖ ਨੇ ਆਪਣੀ ਆਤਮਾ ਦੀ ਸੁੰਦਰਤਾ ਨੂੰ ਸਭ ਵਸਤਾਂ ਵਿਚੋਂ ਤੱਕ ਸਕਣ ਦੇ ਅਨੁਭਵ ਨੂੰ ਪ੍ਰਾਪਤ ਕਰ ਲਿਆ ਹੈ ? ਕੀ 'ਮੈਂ-ਮਮਤਾ' ਦੇ ਅੰਨ੍ਹੇ ਅਭਿਮਾਨ, ਧਨ-ਦੌਲਤ, ਬੁਧੀ ਅਤੇ ਉਚ-ਪਦਵੀ ਦੇ ਅਭਿਮਾਨ-ਭਾਵ ਦਾ ਤਿਆਗ ਕਰ ਦਿੱਤਾ ਹੈ ? ਰੰਗਾਂ, ਜਾਤੀ ਤੇ ਮਤ-ਮਤਾਂਤਰਾਂ ਦੇ ਦਿਸਦੇ ਪਿਸਦੇ ਅੰਤਰ ਤਾਂ ਉਹ ਜ਼ਹਿਰ ਹਨ, ਜੋ ਮਨੁੱਖ ਦਾ ਪਤਨ ਕਰ ਦਿੰਦੇ ਹਨ। ਕੀ ਇਨ੍ਹਾਂ ਜ਼ਹਿਰਾਂ ਨੂੰ ਨਕਾਰ ਦਿਤਾ ਗਿਆ ਹੈ ?**

ਜੀਵਿਤ ਹਮਦਰਦੀ ਹੀ ਸਭ ਕੁਝ ਹੈ। ਮਨੁੱਖ ਇਕ ਹੈ। ਜਿਹੜੇ ਲੋਕ ਪ੍ਰਸਪਰ ਮਤਭੇਦਾਂ ਅਤੇ ਮਿਥਾਂ ਦੇ ਕਾਰਨ ਬਣਦੇ ਹਨ, ਉਹ ਅੰਧਕਾਰ ਦੀਆਂ ਸ਼ਕਤੀਆਂ ਹੀ ਹੁੰਦੀਆਂ ਹਨ। ਜਿਹੜੇ ਮਨੁੱਖ ਅਤੇ ਮਨੁੱਖ ਇਕ ਤੇ ਦੂਜੀ ਕੌਮ ਦੀ ਗਲਵਕੜੀ ਪਾ ਕੇ ਉਨ੍ਹਾਂ ਵਿਚ ਏਕਤਾ ਸਥਾਪਿਤ ਕਰਦੇ ਹਨ, ਉਹ ਚਾਨਣ ਦੀਆਂ ਸ਼ਕਤੀਆਂ ਹੁੰਦੀਆਂ ਹਨ। ਪੁਰਸ਼ ਤੇ ਇਸਤਰੀ ਦੀ ਪ੍ਰਸਪਰ ਸਾਂਝ ਸਰਵੋਤਮ ਸਾਂਝ ਹੈ, ਜੋ ਇਕ ਮਨੁੱਖ ਨੂੰ ਦੂਜੇ ਨਾਲ ਅਤੇ ਮਨੁੱਖ ਨੂੰ ਗੁਰੂ ਤੇ ਪ੍ਰਭੂ ਨਾਲ ਜੋੜਦੀ ਹੈ। ਜਿਨ੍ਹਾਂ ਨੇ ਬੁੱਧ, ਹਜ਼ਰਤ ਈਸਾ ਤੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਹਨ, ਉਹ ਧੰਨ ਹਨ। ਜਿਨ੍ਹਾਂ ਨੇ ਕਿਸੇ ਵੀ ਮੰਡਲ ਜਾਂ ਕਿਸੇ ਵੀ ਯੁਗ ਵਿਚ ਗੁਰਮੁਖ ਨਾਲ ਸਾਂਝ ਪਾਈ ਹੈ, ਉਹ ਸੱਚੇ ਅਰਥਾਂ ਵਿਚ ਆਤਮਕ ਪੁਰਸ਼ ਹਨ। ਸਿਧ ਗੋਸ਼ਟਿ ਵਿਚ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ "ਇਸ ਯੁਗ ਵਿਚ ਗੁਰੂ ਹੀ ਧਰਮ ਦਾ ਕੇਂਦਰ-ਬਿੰਦੂ ਹੈ।" ਜਿਨਾ ਚਿਰ ਤੱਕ ਤੁਸੀਂ ਗੁਰੂ ਜੀ ਦੇ ਦਰਸ਼ਨ ਨਹੀਂ ਕਰ ਲੈਂਦੇ, ਉਦੋਂ ਤਕ ਤੁਹਾਨੂੰ ਪ੍ਰਭੂ-ਪ੍ਰੀਤਮ ਦੇ ਸੰਜੋਗੀ-ਮੇਲ ਦਾ ਅਨੰਦ-ਮਈ ਅਨੁਭਵ ਪ੍ਰਾਪਤ ਨਹੀਂ ਹੋ ਸਕਦਾ। ਪਾਠ-ਪੂਜਾ ਆਦਿ ਨਿਹਫਲ ਕਰਮ ਹੈ, ਪੰਡਤਾਈ ਦਾ ਦਾਅਵਾ ਵੀ ਝੂਠਾ ਅਭਿਮਾਨ ਹੈ। ਵਾਸਤਵਿਕਤਾ ਤਾਂ ਇਸ ਵਿਚ ਹੈ ਕਿ ਤੁਸੀਂ ਨਾਮ-ਰਤੀਆਂ ਆਤਮਾਵਾਂ ਨੂੰ ਮਿਲ ਕੇ ਅਤੇ ਪ੍ਰਭੂ ਦਾ ਨਾਮ ਸਿਮਰਨ ਕਰਕੇ ਜੀਵਨ ਦੇ ਸਦਾ ਪ੍ਰਵਾਹਤ ਹੁੰਦੇ ਸ਼ਹਿਦ ਅੰਮ੍ਰਿਤ ਨੂੰ ਚਖ ਲਿਆ ਹੈ। ਪ੍ਰਭੂ ਦਾ ਨਾਮ ਜਪਣਾ ਹੀ ਸਿਮਰਨ ਹੈ, ਜਿਵੇਂ ਕਿ ਨੋਰ ਵਿਚ ਦੇ ਜੂਲੀਅਨ ਨੂੰ ਇਹ ਅਦੁੱਤੀ ਅਨੁਭਵ ਪ੍ਰਾਪਤ ਹੋ ਗਿਆ ਸੀ।' ਉਸ ਨੇ ਪ੍ਰਭੂ-ਪ੍ਰੀਤਮ ਦੇ ਵਾਸਤਵਿਕ ਰੂਪ ਵਿਚ ਦਰਸ਼ਨ ਕਰ ਲਏ ਸਨ, ਉਸ ਦੇ ਅਨੁਭਵ ਨੂੰ ਭਰਪੂਰ ਰੂਪ ਵਿਚ ਮਾਣ ਲਿਆ ਸੀ, ਆਤਮਕ ਤੌਰ 'ਤੇ ਉਸ ਦੇ ਬਚਨਾਂ ਨੂੰ ਸਰਵਣ ਕਰ ਲਿਆ ਸੀ, ਉਸ ਦੀ ਭਿੰਨੀ ਮਹਿਕ ਨੂੰ ਮਾਣ ਲਿਆ ਸੀ ਅਤੇ ਉਸ ਦੇ ਮਧੁਰ ਅਨੁਭਵ ਨੂੰ ਡੀਕ ਲਾ ਕੇ ਚਖ਼ ਲਿਆ ਸੀ।"

.................................................



# ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥

## ਸ. ਜਸਵਿੰਦਰ ਸਿੰਘ ਹਿਸਟੋਰੀਅਨ (18-8-1949-31-5-2025)

## ਨਾਮਧਾਰੀ ਇਤਿਹਾਸ ਦੀ ਕੁਤਬ-ਲਾਠ ਦਾ ਡਿੱਗਣਾ

**ਸੁਵਰਨ ਸਿੰਘ ਵਿਰਕ**
**9996371716**

ਸ. ਜਸਵਿੰਦਰ ਸਿੰਘ ਹਿਸਟੋਰੀਅਨ ਪੌਣੀ ਸਦੀ ਤੋਂ ਪੌਣਾ ਕੁ ਵਰ੍ਹਾ ਵੱਧ ਜੀਵਨ ਸਫ਼ਰ ਬਤੀਤ ਕਰਕੇ 31 ਮਈ 2025 ਨੂੰ ਸਵੇਰੇ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਲੁਧਿਆਣਾ ਵਿਖੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਕੁਝ ਸਮਾਂ ਪਹਿਲਾਂ ਸ੍ਰੀ ਭੈਣੀ ਸਾਹਿਬ ਦੀ ਬਿਰਧਸ਼ਾਲਾ ਵਿੱਚ ਹਸਪਤਾਲ ਜਾਣ ਵਾਸਤੇ ਦਿੱਲੀ ਤੋਂ ਆਏ ਹੋਏ ਸਨ, ਜਿੱਥੇ ਸੰਤ ਰਣਜੀਤ ਸਿੰਘ ਰੜ ਵਾਲਿਆਂ ਨੇ ਉਹਨਾਂ ਨੂੰ ਰਵੀ ਜੀ ਦੀ ਮਾਰਫਤ, ਲੁਧਿਆਣੇ ਆਪਣੇ ਹਸਪਤਾਲ ਵਿੱਚ ਦਾਖਲ ਕਰਵਾਇਆ ਸੀ। ਪਹਿਲਾਂ ਤਾਂ ਦਵਾਈ ਲੈ ਕੇ ਬਿਰਧਸ਼ਾਲਾ ਵਿੱਚ ਆ ਜਾਂਦੇ ਸਨ, ਜਿੱਥੇ ਅਪ੍ਰੈਲ ਦੇ ਅੱਧ ਵਿੱਚ ਮੈਨੂੰ ਦੋ ਵਾਰ ਉਹਨਾਂ ਦੇ ਦਰਸ਼ਨ ਹੋਏ। ਪੇਟ ਦੀ ਤਕਲੀਫ ਦਾ ਜ਼ਿਕਰ ਕਰਦੇ ਸਨ। ਫਿਰ ਉਹਨਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਗਿਆ। ਮੈਂ ਫੋਨ ਤੇ ਹਾਲ-ਚਾਲ ਪੁੱਛਦਾ ਰਿਹਾ। ਫਿਰ ਉਹਨਾਂ ਦੇ ਫੋਨ ਤੋਂ ਗੱਲਬਾਤ ਹੋਣੀ ਬੰਦ ਹੋ ਗਈ। ਕਈ ਦਿਨਾਂ ਬਾਅਦ ਬੇਟੀ ਜੋ ਉਨਾਂ ਪਾਸ ਦਿੱਲੀ ਰਹਿੰਦੀ ਸੀ ਉਸ ਨੇ ਫੋਨ ਤੇ ਦੱਸਿਆ ਕਿ ਸਿਹਤ ਜਿਆਦਾ ਵਿਗੜ ਗਈ ਹੈ। ਹੁਣ ਉਹ ਕੋਮਾ ਵਿੱਚ ਹਨ ਅਤੇ ਆਈ.ਸੀ.ਯੂ. ਵਿੱਚ ਦਾਖਲ ਹਨ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਬੰਗਲੌਰ ਤੋਂ ਡਾਕਟਰਾਂ ਨੂੰ ਹਰ ਸੰਭਵ ਯਤਨ ਕਰਨ ਲਈ ਕਿਹਾ। ਅਗਲੇ ਦਿਨਾਂ ਵਿੱਚ ਭੈਣੀ ਸਾਹਿਬ ਆਉਣ ਤੇ ਸਤਿਗੁਰੂ ਜੀ ਉਚੇਚਾ ਆਪ ਜੀ ਦਾ ਹਾਲ ਚਾਲ ਜਾਨਣ ਲਈ ਹਸਪਤਾਲ ਪਧਾਰੇ ਸਨ। 27 ਮਈ ਦੁਪਹਿਰੇ ਮੈਂ ਤੇ ਸਾਥੀ ਗੁਰਚਰਨ ਸਿੰਘ ਧਾਲੀਵਾਲ ਆਪ ਜੀ ਦਾ ਦਰਸ਼ਨ ਆਈ.ਸੀ.ਯੂ. ਵਿੱਚ ਕਰਕੇ ਆਏ। ਬੇਸ਼ੱਕ ਨੱਕ ਵਿੱਚ ਸਾਹ ਲਈ ਨਾਲੀ ਲੱਗੀ ਸੀ ਪਰ ਚਿਹਰਾ ਤੇਜੱਸਵੀ ਅਤੇ ਗਿਆਨ ਦੀ ਜੋਤ ਨਾਲ ਨੂਰੋ-ਨੂਰ ਸੀ।

ਦਰਅਸਲ 2019 ਵਿੱਚ ਆਪ ਦੀ ਜੀਵਨ ਸਾਥਣ ਬੀਬੀ ਸੁਦਰਸ਼ਨ ਕੌਰ ਜੀ ਉਹਨਾਂ ਦਾ ਸਾਥ ਛੱਡ ਗਏ ਸਨ। ਇਹਨਾਂ ਦੇ ਜੀਵਨ ਵਿੱਚ ਮੋੜ ਲਿਆਉਣ ਵਾਲੇ ਵੱਡੇ ਫੈਸਲੇ, ਉਹਨਾਂ ਨੇ ਬੀਬੀ ਜੀ ਦੀ ਪ੍ਰੇਰਣਾਂ ਨਾਲ ਹੀ ਲਏ ਸਨ। ਖਾਸ ਕਰਕੇ ਸਰਕਾਰੀ ਸੈਨਿਕ ਨੌਕਰੀ ਛੱਡ ਕੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਸਾਹਿਤ ਇਤਿਹਾਸ ਦੀ ਖੋਜ ਵਿੱਚ ਜੁਟ ਜਾਣਾ, ਇਹ ਬੀਬੀ ਜੀ ਸਦਕਾ ਹੀ ਸੰਭਵ ਹੋਇਆ ਸੀ। ਉਦੋਂ ਜਿਹੇ ਉਹਨਾਂ ਦੇ ਕੁਝ ਸ਼ੁਭ ਚਿੰਤਕ ਉਹਨਾਂ ਨੂੰ ਖੋਜ ਕਾਰਜ ਛੁੱਟੀਆਂ ਲੈ ਕੇ ਕਰਨ ਅਤੇ ਵੱਡੀਆਂ ਸੁੱਖ ਸੁਵਿਧਾਵਾਂ ਵਾਲੀ ਸਰਕਾਰੀ ਨੌਕਰੀ ਨਾਂ ਛੱਡਣ ਬਾਰੇ ਕਹਿ ਰਹੇ ਸਨ। ਇਹ ਬੀਬੀ ਜੀ ਦਾ ਸੁਝਾਅ ਸੀ ਕਿ ਸਤਿਗੁਰੂ ਸੱਚੇ ਪਾਤਸ਼ਾਹ ਦਾ ਹੁਕਮ ਅੱਖਰ-ਅੱਖਰ ਮੰਨੋ ਅਤੇ ਨੌਕਰੀ ਛੱਡ ਦਿਉ। ਇਸੇ ਕਾਰਨ ਜਸਵਿੰਦਰ ਸਿੰਘ ਉਹ ਮਹਾਨ ਕਾਰਜ ਲਿਖਣ ਪੜ੍ਹਣ ਦੇ ਖੇਤਰ ਵਿੱਚ ਕਰ ਸਕੇ ਜਿਸ ਸਦਕਾ ਉਹਨਾਂ ਦੀ ਕੀਰਤੀ ਦੇਸ਼ ਕਾਲ ਦੀਆਂ ਹੱਦਾਂ ਉਲੰਘ ਜਾਏਗੀ। ਅਜਿਹੀ ਪ੍ਰਤਿਭਾਸ਼ਾਲੀ ਜੀਵਨ ਸਾਥਣ ਦਾ ਵਿਛੋੜਾ ਉਹਨਾਂ ਨੇ ਧੁਰ ਅੰਦਰ ਤੱਕ ਇਉ ਮਹਿਸੂਸਿਆ ਕਿ ਉਹ ਫਿਰ ਕਦੇ ਵੀ ਸਹਿਜ ਵਿੱਚ ਨਹੀਂ ਆਏ ਅਤੇ ਅੰਦਰੇ-ਅੰਦਰ ਹੀ ਖੁਰਦੇ ਗਏ।

ਆਪ ਦਾ ਜਨਮ ਬਟਾਲਾ (ਪੰਜਾਬ) ਦੇ ਸਿੰਬਲ ਮੁਹੱਲੇ ਵਿੱਚ ਪਿਤਾ ਸ. ਕਿਰਪਾਲ ਸਿੰਘ ਕਲਸੀ ਅਤੇ ਮਾਤਾ ਹਰਬੰਸ ਕੌਰ ਦੇ ਘਰ 18 ਅਗਸਤ 1949 ਨੂੰ ਹੋਇਆ। ਵੰਡ ਤੋਂ ਪਹਿਲਾਂ ਸ. ਕਿਰਪਾਲ ਸਿੰਘ ਚੱਕ 118 ਲਾਇਲਪੁਰ ਵਿੱਚ ਰਹਿ ਕੇ ਆਟਾ ਚੱਕੀ ਮਸ਼ੀਨ ਇੰਜਨ ਤੇ ਚਲਾਇਆ ਕਰਦੇ। ਬਟਾਲੇ ਤੋਂ ਬਾਅਦ ਉਹ ਜਗਾਧਰੀ ਆ ਕੇ ਰੇਲਵੇ ਵਿੱਚ ਫਿਟਰ ਲੱਗ ਗਏ। ਇੱਥੇ ਉਹਨਾਂ 'ਨਾਮਧਾਰੀ ਪ੍ਰਚਾਰਕ ਜਥਾ' ਬਣਾ ਕੇ ਹਰ ਐਤਵਾਰ ਆਸਾ ਦੀ ਵਾਰ ਲਾਉਣੀ ਸ਼ੁਰੂ ਕੀਤੀ। ਉਹ ਬੇਸ਼ੱਕ ਅਨਪੜ੍ਹ ਸਨ ਪਰ ਉਹਨਾਂ ਨੂੰ ਨਾਮਧਾਰੀ ਇਤਿਹਾਸ ਅਤੇ ਸਿੱਖ ਇਤਿਹਾਸ ਦਾ ਕਾਫੀ ਗਿਆਨ ਸੀ। ਉਹ ਹਰਮੋਨੀਅਮ ਵੀ ਵਧੀਆ ਵਜਾ ਲੈਂਦੇ ਸਨ। ਉਹਨਾਂ ਦੀ

ਉਂਗਲ ਫੜ ਕੇ ਬਾਲ ਜਸਵਿੰਦਰ ਸਿੰਘ ਵੀ ਇਹਨਾਂ ਦੀਵਾਨਾਂ ਵਿੱਚ ਪੁੱਜ ਜਾਂਦੇ ਤੇ ਇੰਜ ਉਸਦੇ ਬਾਲ ਮਨ ਦੀ ਸਲੇਟ ਤੇ ਜਿਹੜੇ ਪਹਿਲੇ ਅੱਖਰ ਉਕਰੇ ਗਏ ਉਹ ਸਨ- 'ਧੰਨ ਗੁਰੂ ਰਾਮ ਸਿੰਘ।' ਜਗਾਧਰੀ ਵਿਖੇ ਇੱਕ ਨਾਮਧਾਰੀ ਸੰਤ ਕਬੀਰ ਸਿੰਘ ਰਹਿੰਦੇ ਸਨ, ਉਹ ਬੱਚਿਆਂ ਨੂੰ ਫੁੱਲੀਆਂ ਪਤਾਸੇ ਵੰਡਣ ਵਾਲਾ ਇੱਕ ਝੋਲਾ ਹਮੇਸ਼ਾ ਰੱਖਦੇ। ਜਿਹੜਾ ਵੀ ਬੱਚਾ ਬੋਲਦਾ 'ਧੰਨ ਗੁਰੂ ਰਾਮ ਸਿੰਘ' ਉਸਦਾ ਫੁੱਲੀਆਂ ਪਤਾਸਿਆਂ ਨਾਲ ਬੁੱਕ ਸੰਤ ਜੀ ਭਰ ਦਿੰਦੇ। ਨਾਮਧਾਰੀ ਦੀਵਾਨ ਅਤੇ ਪਿਤਾ ਜੀ ਦੇ ਬਚਨ ਬਿਲਾਸਾਂ ਦਾ ਅਜਿਹਾ ਅਸਰ ਪਿਆ ਕਿ ਜਸਵਿੰਦਰ ਸਿੰਘ ਦੇ ਮਨ ਮਸਤਕ ਵਿੱਚ ਤਿੰਨ ਸ਼ਬਦ ਅਕਸਰ ਗੂੰਜਦੇ ਰਹਿੰਦੇ- 'ਗੁਰੂ ਰਾਮ ਸਿੰਘ, ਬਰਮਾਂ ਅਤੇ ਰੰਗੂਨ।' ਇੱਕ ਤਰ੍ਹਾਂ ਦੇ ਇਹ ਉਹੋ ਇਲਾਹੀ ਸ਼ਬਦ ਸਨ ਜਿਨ੍ਹਾਂ ਨੇ ਉਹਨਾਂ ਦੇ ਭਾਵੀ ਜੀਵਨ ਸਫਰ ਦੀ ਸੇਧ ਨਿਸ਼ਚਿਤ ਕਰ ਦਿੱਤੀ ਸੀ।

ਜਸਵਿੰਦਰ ਸਿੰਘ ਦੇ ਨਾਨੇ ਹਰਨਾਮ ਸਿੰਘ ਹੋਰਾਂ ਦਾ ਪਿਛੋਕੜ ਰਿਆੜਕੀ ਖੇਤਰ ਦਾ ਪ੍ਰਸਿੱਧ ਪਿੰਡ ਔਲਖ ਬੇਰੀ (ਗੁਰਦਾਸਪੁਰ) ਸੀ ਪਰ ਉਹ ਲਾਹੌਰ ਦੀ ਰੇਲਵੇ ਵਰਕਸ਼ਾਪ ਵਿੱਚ ਕੰਮ ਕਰਿਆ ਕਰਦਾ ਸੀ। ਇਹ ਪਹਿਲੇ ਜਗਤ ਯੁੱਧ ਦਾ ਸਮਾਂ ਸੀ। ਲਾਹੌਰ ਇਹਨਾਂ ਦਿਨਾਂ ਵਿੱਚ ਕੂਕਾ ਪ੍ਰਚਾਰ ਦਾ ਗੜ੍ਹ ਸੀ। ਇੱਥੋਂ ਪ੍ਰਭਾਵਿਤ ਹੋਕੇ ਹਰਨਾਮ ਸਿੰਘ ਵੀ ਨਾਮਧਾਰੀ ਸਿੰਘ ਸੱਜ ਕੇ ਬਾਣੀ ਅਤੇ ਬਾਣੇ ਨਾਲ ਜੁੜ ਗਿਆ। ਇਹਨਾਂ ਦਿਨਾਂ ਵਿੱਚ ਹੀ ਬਾਅਦ ਵਿਚ ਹੋਣ ਵਾਲਾ ਪ੍ਰਸਿੱਧ ਸ਼ਹੀਦ ਊਧਮ ਸਿੰਘ ਸੁਨਾਮ ਵੀ ਲਾਹੌਰ ਦੀ ਇਸੇ ਵਰਕਸ਼ਾਪ ਵਿੱਚ ਕੰਮ ਕਰਿਆ ਕਰਦਾ ਸੀ। ਹਰਨਾਮ ਸਿੰਘ ਤੋਂ ਸੁਣੀਆਂ ਕੂਕਾ ਕੁਰਬਾਨੀਆਂ ਦੀਆਂ ਸਾਖੀਆਂ ਨੇ ਊਧਮ ਸਿੰਘ ਦਾ ਦੇਸ਼ ਭਗਤੀ ਦਾ ਅਜ਼ਮ ਹੋਰ ਪੱਕਾ ਕਰ ਦਿੱਤਾ। ਇਹ ਦੋਵੇਂ 1919-21 ਵਿੱਚ ਗੜਬੜ ਵਾਲੇ ਇਲਾਕੇ ਵਜ਼ੀਰਿਸਤਾਨ ਵਿੱਚ ਨਵੀਂ ਰੇਲਵੇ ਲਾਇਨ ਬਣਾਉਣ ਵਿੱਚ ਵੀ ਕੰਮ ਕਰਦੇ ਸਨ ਜਿਸ ਦੇ ਦੋਵਾਂ ਨੂੰ ਤਮਗੇ ਵੀ ਮਿਲੇ ਸਨ।

ਹਰਨਾਮ ਸਿੰਘ ਹੋਰਾਂ ਤੋਂ ਉਲਟ ਉਹਨਾਂ ਦਾ ਜੁਆਈ ਕਿਰਪਾਲ ਸਿੰਘ ਤਾਂ ਜਮਾਂਦਰੂ ਕੂਕਾ ਸੀ ਜੋ ਬਾਰ ਵਿੱਚ ਆਉਣ ਤੋਂ ਪਹਿਲਾਂ ਉਹਨਾਂ ਦਾ ਪਰਿਵਾਰ, ਅੰਮ੍ਰਿਤਸਰ ਜ਼ਿਲ੍ਹਾ ਦੇ ਕਸਬਾ ਵੇਰਕਾ ਦੇ ਪਾਸ ਤਲਵੰਡੀ ਦਸੋਂਧਾ ਸਿੰਘ ਦਾ ਵਸਨੀਕ ਸੀ। ਜਗਾਧਰੀ ਅਤੇ ਹੋਰਨਾਂ ਥਾਵਾਂ ਤੇ ਆਪਣੇ ਪਿਤਾ ਜੀ ਅਤੇ ਹੋਰਨਾਂ ਪ੍ਰਚਾਰਕਾਂ ਤੋਂ ਦੀਵਾਨਾਂ ਵਿੱਚ ਆਪਣੇ ਖ਼ੂਨ ਰੰਗੇ ਇਤਿਹਾਸ ਦੀਆਂ ਸਾਖੀਆਂ ਸੁਣ-ਸੁਣ ਕੇ ਬਾਲ ਜਸਵਿੰਦਰ ਦੇ ਮਨ ਵਿੱਚ ਇਤਿਹਾਸ ਬੋਧ ਰੂਪੀ ਬਿਰਖ ਦਾ ਕੋਈ ਬੀਜ ਬੀਜਿਆ ਗਿਆ ਜੋ ਸਮਾਂ ਪਾ ਕੇ ਆਪਣੇ ਪੂਰੇ ਜਲੌਅ ਵਿੱਚ ਪ੍ਰਗਟ ਹੋ ਕੇ ਨਾਮਧਰੀ ਇਤਿਹਾਸ ਦਾ ਬੋਹੜ ਬਿਰਖ ਬਣ ਗਿਆ।

ਚੌਥੀ ਦਾ ਵਿਦਿਆਰਥੀ ਜਸਵਿੰਦਰ ਪਿਤਾ ਨਾਲ 1957-59 ਵਿੱਚ ਰਾਜਪੁਰੇ ਆ ਗਿਆ ਜਿੱਥੇ ਉਹ ਰੇਲਵੇ ਵਰਕਸ਼ਾਪ ਵਿੱਚ ਰਹੇ। ਦਿੱਲੀ ਤਬਾਦਲਾ ਹੋਣ ਤੇ ਪਰਿਵਾਰ ਫਿਰ ਹਮੇਸ਼ਾਂ ਲਈ ਇੱਥੇ ਸ਼ਕੂਰ ਬਸਤੀ ਵਿੱਚ ਆ ਗਿਆ। ਜਸਵਿੰਦਰ ਸਿੰਘ ਨੇ ਛੇਵੀਂ ਤੋਂ ਐਮ.ਏ. (ਇਤਿਹਾਸ) ਤੱਕ ਦੀ ਪੜ੍ਹਾਈ ਦਿੱਲੀ ਵਿਖੇ ਹੀ ਮੁਕੰਮਲ ਕੀਤੀ। ਪਰ ਪਿਤਾ ਜੀ ਦੀ ਸਿਹਤ ਠੀਕ ਨਾ ਰਹਿਣ ਕਾਰਨ ਉਹਨਾਂ ਦੀ ਨੌਕਰੀ ਛੁੱਟ ਗਈ। ਇਸ ਸਮੇਂ ਜਸਵਿੰਦਰ ਸਿੰਘ ਉਹਨਾਂ ਦੀ ਸੇਵਾ ਕਰਨ ਤੋਂ ਇਲਾਵਾ ਘਰ ਦਾ ਖਰਚਾ ਤੋਰਨ ਲਈ ਕਈ ਛੋਟੇ-ਮੋਟੇ ਕਿੱਤੇ ਵੀ ਕਰਦੇ ਰਹੇ। ਹਾਇਰ ਸੈਕੰਡਰੀ ਦਾ ਇਮਤਿਹਾਨ ਪਾਸ ਕਰਨ ਬਾਅਦ ਉਨਾਂ ਯੂ.ਪੀ.ਐਸ.ਸੀ. ਵਿੱਚ ਕਲਰਕ ਦਾ ਇਮਤਿਹਾਨ ਪਾਸ ਕਰਕੇ ਫੌਜਾਂ ਦੇ ਵੱਡੇ ਦਫਤਰ ਵਿੱਚ ਰਾਸ਼ਟਰਪਤੀ ਭਵਨ ਦੇ ਨੇੜੇ ਨੌਕਰੀ ਕਰ ਲਈ। ਦੋ ਕੁ ਸਾਲ ਬਾਅਦ ਦਫਤਰ ਦਾ ਸਮਾਂ ਇਸ ਤਰ੍ਹਾਂ ਬਦਲ ਗਿਆ ਕਿ ਛੁੱਟੀ ਤੋਂ ਬਾਅਦ ਉਹਨਾਂ ਪਾਸ ਕੌਮੀ ਅਭਿਲੇਖਾਗਾਰ ਵਿੱਚ ਜਾਕੇ ਨਾਮਧਾਰੀ ਇਤਿਹਾਸ ਸਬੰਧੀ ਦਸਤਾਵੇਜ ਘੋਖਣ ਵਾਚਣ ਦਾ ਸਬੱਬ ਬਣ ਗਿਆ।

ਇਸ ਜਗ੍ਹਾ ਤੇ ਸ. ਨਾਹਰ ਸਿੰਘ ਐਮ.ਏ. ਨੰਗਲ ਖੁਰਦ ਤੇ ਬਾਬੂ ਕਰਤਾਰ ਸਿੰਘ ਜੀ ਪਹਿਲਾਂ ਤੋਂ ਜਾਇਆ ਕਰਦੇ ਸਨ। ਜਸਵਿੰਦਰ ਸਿੰਘ ਇਹਨਾਂ ਦੇ ਸੰਪਰਕ ਵਿੱਚ ਆ ਗਏ। ਇਸ ਤੋਂ ਪਹਿਲਾਂ ਅਭਿਲੇਖਾਗਾਰ ਵਾਲਿਆਂ ਦੀਆਂ ਦੋ ਸ਼ਰਤਾਂ ਸਨ ਕਿ ਜੇ ਤੁਸੀਂ ਨੌਕਰੀ ਕਰਦੇ ਹੋ ਤਾਂ ਆਪਣੇ ਦਫ਼ਤਰ ਤੋਂ ਇਜ਼ਾਜ਼ਤਨਾਮਾ ਲਿਆਉ ਅਤੇ ਕਿਸੇ ਇਤਿਹਾਸਕਾਰ ਦੀ ਸਿਫਾਰਸ਼ੀ ਚਿੱਠੀ। ਮਹਾਰਾਜ ਬੀਰ ਸਿੰਘ ਜੀ ਨੇ ਡਾ. ਫੌਜਾ ਸਿੰਘ ਬਾਜਵਾ ਹੋਰਾਂ ਤੋਂ ਉਹ ਪੱਤਰ ਲਿਖਵਾ ਕੇ ਦਿੱਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇੱਕ ਦਿਨ ਸ. ਨਾਹਰ ਸਿੰਘ ਹੋਰਾਂ ਨਾਲ ਬਚਨ ਕਰਦਿਆਂ ਉਹਨਾਂ ਨੂੰ ਜਿੱਥੋਂ ਤੱਕ ਨਾਮਧਾਰੀ ਇਤਿਹਾਸ ਦੇ ਦਸਤਾਵੇਜ਼ ਉਹ ਸੰਕਲਿਤ ਕਰ ਚੁੱਕੇ ਸਨ, ਉਸ ਤੋਂ ਅਗਲਾ ਕੰਮ ਕਰਨ ਲਈ ਕਿਹਾ। ਉਹਨਾਂ ਨੇ ਆਪਣੀ ਬਜ਼ੁਰਗੀ ਜਾਂ ਰੁਝੇਵਿਆਂ ਦਾ ਜ਼ਿਕਰ ਕਰਦਿਆਂ, ਸਤਿਗੁਰੂ ਜੀ ਨੂੰ ਇਸ ਕੰਮ ਲਈ ਜਸਵਿੰਦਰ ਸਿੰਘ ਨੂੰ ਪ੍ਰੇਰਨ ਲਈ ਕਿਹਾ, ਜਿਸ ਦੀ ਨਾਮਧਾਰੀ ਇਤਿਹਾਸ ਵਿੱਚ ਰੁਚੀ ਤੋਂ ਉਹ ਜਾਣੂ ਸਨ। ਸਤਿਗੁਰੂ ਜੀ ਇਸ ਤੋਂ ਪਹਿਲਾਂ ਜਸਵਿੰਦਰ ਸਿੰਘ ਨਾਲ

ਦਸਤਾਵੇਜ਼ਾਂ ਬਾਰੇ ਚਰਚਾ ਕਰਿਆ ਕਰਦੇ ਸਨ ਅਤੇ ਇਤਿਹਾਸ ਨਾਲ ਸੰਬੰਧਿਤ ਨਾਂਦੇੜ, ਪਟਨਾ ਸਾਹਿਬ, ਅੰਮ੍ਰਿਤਸਰ, ਭਦੌੜ ਆਦਿ ਥਾਵਾਂ ਤੇ ਉਸਨੂੰ ਭੇਜਿਆ ਕਰਦੇ ਸਨ। ਹੁਣ ਨਾਹਰ ਸਿੰਘ ਹੋਰਾਂ ਦੇ ਕਹਿਣ ਬਾਅਦ ਸਤਿਗੁਰੂ ਜੀ ਨੇ ਸਕੱਤਰ ਤਰਸੇਮ ਸਿੰਘ ਰਾਂਹੀਂ, ਜਸਵਿੰਦਰ ਸਿੰਘ ਹੋਰਾਂ ਨੂੰ ਨੌਕਰੀ ਛੱਡ ਕੇ ਇਤਿਹਾਸ ਦੇ ਕੰਮ ਵਿੱਚ ਜੁੱਟ ਜਾਣ ਦਾ ਆਦੇਸ਼ ਦਿੱਤਾ। ਨੌਕਰੀ ਕਰਦਿਆਂ 15 ਸਾਲ ਹੋ ਗਏ ਸਨ ਜੇ ਹੋਰ ਪੰਜ ਸਾਲ ਪੂਰੇ ਕਰ ਲੈਂਦੇ ਤਾਂ ਪੈਨਸ਼ਨ ਦਾ ਹੱਕਦਾਰ ਹੋ ਜਾਣਾ ਸੀ। ਕੁਝ ਸਮੇਂ ਦੀ ਕਸ਼ਮਕਸ਼ ਬਾਅਦ ਜਿਵੇਂ ਉੱਪਰ ਵਰਣਿਤ ਹੈ, ਧਰਮ ਪਤਨੀ ਦੇ ਸੁਝਾਅ ਤੇ ਨੌਕਰੀ ਤੋਂ ਤਿਆਗ ਪੱਤਰ ਦੇ ਕੇ ਗੁਰੂ ਚਰਨਾਂ ਵਿੱਚ ਆ ਹਾਜ਼ਰ ਹੋਏ।

ਜਸਵਿੰਦਰ ਸਿੰਘ ਹੋਰਾਂ ਦਾ ਆਨੰਦ ਕਾਰਜ 1976 ਵਿੱਚ ਸ. ਹਰਨਾਮ ਸਿੰਘ ਧੰਨਬਾਦ (ਬਿਹਾਰ) ਦੀ ਸਪੁੱਤਰੀ ਬੀਬੀ ਸੁਦਰਸ਼ਨ ਕੌਰ ਨਾਲ ਹੋਇਆ। ਬੀਬੀ ਨੇ ਹਿੰਦੀ ਵਿੱਚ ਐਮ.ਏ. ਪਹਿਲਾ ਸਾਲ ਪਾਸ ਕਰ ਲਿਆ ਸੀ ਪਰ ਫਿਰ ਜੈ ਪ੍ਰਕਾਸ਼ ਨਰਾਇਣ ਦੇ ਅੰਦੋਲਨ ਕਾਰਨ ਐਮ.ਏ. ਪੂਰੀ ਨਾ ਹੋਈ ਅਤੇ ਅਨੰਦ ਹੋ ਗਿਆ। ਉਹ ਜਸਵਿੰਦਰ ਸਿੰਘ ਦੀਆਂ ਲਿਖਤਾਂ ਦੀ ਪਰੂਫ ਰੀਡਿੰਗ ਕਰਨ ਦਾ ਕੰਮ ਵੀ ਕਰਦੇ ਅਤੇ ਕਈ ਵੇਰ ਕਠਿਨ ਹਾਲਾਤ ਵਿੱਚ ਬਿਨਾਂ ਕਿਸੇ ਸ਼ਿਕਵੇ ਸ਼ਿਕਾਇਤ ਦੇ ਘਰ ਗ੍ਰਹਿਸਤੀ ਵੀ ਚਲਾਉਂਦੇ ਸਨ। ਉਹਨਾਂ ਦੇ ਪਰਿਵਾਰ ਵਿੱਚ ਤਿੰਨ ਸਪੁੱਤਰੀਆਂ ਸਨ। ਬੀਬੀ ਮਨਜੀਤ ਕੌਰ ਵੱਡੀ ਬੇਟੀ, ਨਾਮਧਾਰੀ ਚਿੰਤਕ ਫਲੌਰ ਵਾਲੇ ਸ. ਸੁਰਜੀਤ ਸਿੰਘ ਜੀਤ ਦੇ ਵੱਡੇ ਬੇਟੇ ਹਰਜੀਤ ਸਿੰਘ ਵਿਲਾਇਤ ਵਾਸੀ ਨਾਲ, ਵਿਚਕਾਰਲੀ ਬੀਬੀ ਹਰਜੀਤ ਕੌਰ, ਸ. ਮਹਾਂ ਸਿੰਘ ਮਨਕੂ ਦਿੱਲੀ ਨਿਵਾਸੀ ਨਾਲ ਅਤੇ ਛੋਟੀ ਬੀਬੀ ਬਲਬੀਰ ਕੌਰ, ਸ੍ਰੀ ਧਰਮੇਸ਼ ਰਾਮਪਾਲ ਅੰਮ੍ਰਿਤਸਰ ਨਾਲ ਵਿਆਹੇ ਗਏ। ਤਿੰਨੇ ਬੇਟੀਆਂ ਪਿਤਾ ਦੇ ਅੰਤਿਮ ਦਿਨਾਂ ਵਿੱਚ ਉਹਨਾਂ ਦੇ ਪਾਸ ਸਨ।

ਜਸਵਿੰਦਰ ਸਿੰਘ ਜੀ ਦੋ ਭਾਈ ਅਤੇ ਦੋ ਭੈਣਾਂ ਦਾ ਪਰਿਵਾਰ ਸੀ। ਉਹਨਾਂ ਦਾ ਛੋਟਾ ਭਾਈ ਰਣਜੀਤ ਸਿੰਘ ਸ਼ਕੂਰ ਬਸਤੀ ਵਿਖੇ ਹੀ ਰਹਿੰਦਾ ਸੀ। ਦੋਵੇਂ ਭੈਣਾਂ ਅਮਰਜੀਤ ਕੌਰ ਅਤੇ ਇੰਦਰਜੀਤ ਕੌਰ ਦਿੱਲੀ ਹੀ ਵਿਆਹੀਆਂ ਸਨ। ਹੁਣ ਚਾਰਾਂ ਵਿੱਚੋਂ ਕੋਈ ਵੀ ਜੀਵਤ ਨਹੀਂ।

1985 ਵਿੱਚ ਆਪ Indian Council of Historical Research Centre ਵਿੱਚ ਰਿਸਰਚ ਸਕਾਲਰ ਵੀ ਲੱਗ ਗਏ ਸਨ। ਜਨਵਰੀ 1994 ਵਿੱਚ ਸਤਿਗੁਰੂ ਜੀ ਨੇ ਰਾਜਾ ਸੇਠੀ ਨਾਲ ਆਪ ਨੂੰ ਰੰਗੂਨ ਭੇਜਿਆ ਜਿੱਥੇ ਆਪ ਰੰਗੂਨ, ਮੌਲਮੀਨ ਅਤੇ ਮਰਗੋਈ ਆਦਿ ਵਿਖੇ ਉਹਨਾਂ ਇਤਿਹਾਸਿਕ ਅਸਥਾਨਾਂ ਦੀ ਨਿਸ਼ਾਨਦੇਹੀ ਕਰਨ ਵਿੱਚ ਸਫਲ ਹੋਏ, ਜਿੱਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਤਿੰਨ ਸੂਬੇ ਜਵਾਹਰ ਸਿੰਘ, ਲੱਖਾ ਸਿੰਘ, ਬਰਮਾ ਸਿੰਘ ਕੈਦ ਕੀਤੇ ਗਏ ਸਨ। ਹਿਸਟੋਰੀਅਨ ਜੀ ਨੇ ਇਹਨਾਂ ਥਾਵਾਂ ਦੀਆਂ ਇੱਕ ਤੋਂ ਵੱਧ ਵਾਰ ਅਤੇ ਹੋਰ ਵੀ ਬਹੁਤ ਸਾਰੀਆਂ ਵਿਦੇਸ਼ ਯਾਤਰਾਵਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਕੀਤੀਆਂ। ਆਪ ਯੂ.ਪੀ. ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਮਜ਼ਦ ਮੈਂਬਰ ਵੀ ਰਹੇ। ਨਾਮਧਾਰੀ ਇਤਿਹਾਸ ਬਾਰੇ ਬਹੁਤ ਸਾਰੇ ਕੌਮੀ ਸੈਮੀਨਾਰਾਂ ਸਮੇਂ ਅਨੇਕ ਵਿਸ਼ਵ ਵਿਦਿਆਲਿਆਂ ਵਿੱਚ ਆਪ ਖੋਜ ਪੱਤਰ ਪੇਸ਼ ਕਰਦੇ ਰਹੇ। ਅਨੇਕ ਪੱਤਰ ਪੱਤਰਕਾਵਾਂ ਵਿੱਚ ਆਪ ਦੇ ਲੇਖ ਛਪਦੇ ਰਹੇ।

1985 ਵਿੱਚ ਸਤਿਗੁਰੂ ਜੀ ਨੇ ਆਪ ਨੂੰ ਸੰਤ ਸੰਤੋਖ ਸਿੰਘ ਬਾਹੋਵਾਲ ਕ੍ਰਿਤ ਵੱਡ ਆਕਾਰੀ ਗ੍ਰੰਥ ਦੋ ਭਾਗਾਂ ਵਿੱਚ ਸੰਪਾਦਿਤ ਕਰਨ ਦਾ ਹੁਕਮ ਦਿੱਤਾ। ਮਾਸਟਰ ਨਿਹਾਲ ਸਿੰਘ ਅਤੇ ਪ੍ਰੀਤਮ ਸਿੰਘ ਕਵੀ ਜੀ ਸਹਿਯੋਗ ਕਰਨ ਵਾਲੇ ਸਨ। ਇਸ ਕਾਰਜ ਲਈ ਹਰ ਮਹੀਨੇ 10 ਤੋਂ 13 ਦਿਨ ਦਿੱਲੀ ਤੋਂ ਆ ਕੇ ਸ੍ਰੀ ਭੈਣੀ ਸਾਹਿਬ ਬਿਤਾਉਂਦੇ ਸਨ। ਦੋਹਾਂ ਜਿਲਦਾਂ ਦੀਆਂ ਇਤਿਹਾਸਿਕ ਨੁਕਤਿਆਂ ਨਾਲ ਭਰਪੂਰ ਲੰਬੀਆਂ ਭੂਮਿਕਾਵਾਂ ਅਤੇ ਨਾਵਾਂ, ਥਾਵਾਂ ਤੇ ਘਟਨਾਵਾਂ ਦੇ ਫੁੱਟ ਨੋਟ ਇਸ ਨੂੰ ਇੱਕ ਅਮੋਲਕ ਧਰੋਹਰ ਬਣਾਉਂਦੇ ਹਨ। ਇਸੇ ਤਰ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 65 ਹੁਕਮਨਾਮਿਆਂ ਦਾ ਸੰਪਾਦਨ ਕਾਰਜ ਵੀ ਆਪ ਦੀ ਇਤਿਹਾਸ ਖੋਜ ਬਿਰਤੀ ਦਾ ਉੱਤਮ ਪ੍ਰਮਾਣ ਹੈ। ਇਹਨਾਂ ਦੋਹਾਂ ਪੁਸਤਕਾਂ ਤੋਂ ਪਹਿਲਾਂ ਆਪ 'ਕੂਕਾਜ਼ ਆਫ ਨੋਟ ਇਨ ਦਾ ਪੰਜਾਬ 1881 ਈ.' ਅਤੇ 'ਕੂਕਾ ਮੂਵਮੈਂਟ ਫਰੀਡਮ ਸਟਰਗਲ ਇਨ ਪੰਜਾਬ' ਦਸਤਾਵੇਜਾਂ ਦੀਆਂ ਦੋ ਕਿਤਾਬਾਂ ਸੰਕਲਿਤ ਕਰ ਚੁੱਕੇ ਸਨ। ਆਪ ਦੇ ਇਹ ਦਸਤਾਵੇਜ 1881 ਤੋਂ 1903 ਈ. ਤੱਕ ਦਾ ਨਾਮਧਾਰੀ ਇਤਿਹਾਸ ਸਾਂਭੀ ਬੈਠੇ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਹਿਲੀ ਪ੍ਰਕਾਸ਼ ਸ਼ਤਾਬਦੀ ਸਮੇਂ ਆਪ ਨੇ ਉਹਨਾਂ ਦੇ ਜੀਵਨ ਚਰਿੱਤਰ ਅਤੇ ਬਹੁਭਾਂਤੀ ਕਾਰਜਾਂ ਪ੍ਰਥਾਇ, ਵੱਖ-ਵੱਖ ਉਘੇ ਲੇਖਕਾਂ ਦੀਆਂ ਰਚਨਾਵਾਂ ਲੈ ਕੇ ਤਿੰਨ ਪੁਸਤਕਾਂ- 'ਬਡ ਪ੍ਰਤਾਪ ਸੁਨਿਓ ਪ੍ਰਭ ਤੁਮਰੋ', 'ਵਡ ਪਰਤਾਪ ਅਚਰਜ ਰੂਪ', 'ਪਰਤਾਪ ਸਦਾ ਗੁਰ ਕਾ ਘਟ ਘਟ' ਅਤੇ ਕੂਕਾ ਇਤਿਹਾਸ ਬਾਰੇ 'ਨਾਮਧਾਰੀ ਲਹਿਰ'

ਸੰਪਾਦਿਤ ਕੀਤੀਆਂ। ਦਸਤਾਵੇਜ਼ਾ ਨਾਲ ਸੰਬੰਧਿਤ ਦੋ ਹੋਰ ਕਿਤਾਬਾਂ ਹਨ 'ਕੂਕਾ ਮੂਵਮੈਂਟ ਐਂਡ ਦਾ ਮੈਕਨੇਬ ਰਿਪੋਰਟ' ਅਤੇ 'ਲਾਇਲ ਸਰਵਿਸ਼ਜ਼ ਬਾਏ ਸ. ਅਤਰ ਸਿੰਘ ਭਦੌੜ', ਮੈਕਨੇਬ ਉਹ ਕਮਿਸ਼ਨਰ ਸੀ ਜਿਹਨੇ ਅਪ੍ਰੈਲ 1872 ਵਿੱਚ ਇਲਾਹਾਬਾਦ ਕਿਲੇ ਵਿੱਚ ਕੈਦ, ਸੂਬੇ ਸਾਹਿਬਾਨ ਦੇ ਬਿਆਨ ਲਏ ਸਨ। ਭਦੌੜ ਦਾ ਸ. ਅਤਰ ਸਿੰਘ ਅੰਗਰੇਜ ਸਰਕਾਰ ਦੁਆਰਾ ਜ਼ਬਤ ਕੀਤੀ ਭਦੌੜ ਰਿਆਸਤ, ਮੁੜ ਹਾਸਲ ਕਰਨ ਲਈ ਕੂਕਿਆਂ ਸਮੇਤ ਕਿਸੇ ਵੀ ਅੰਗਰੇਜ਼ ਸਰਕਾਰ ਵਿਰੋਧੀ ਵਿਅਕਤੀ ਜਾਂ ਜਥੇਬੰਦੀ ਦੀਆਂ ਸਰਕਾਰ ਨੂੰ ਡਾਇਰੀਆਂ ਦਿਆ ਕਰਦਾ ਸੀ ਅਤੇ ਇਸੇ ਕੰਮ ਲਈ ਲੁਧਿਆਣੇ ਵਿੱਚ ਭਦੌੜ ਹਾਊਸ ਬਣਾ ਕੇ ਉੱਥੇ ਰਹਿੰਦਾ ਸੀ। ਭਾਰਤ ਵਿੱਚ ਕੂਕੇ ਸੂਬੇ ਜਿੰਨ੍ਹਾਂ ਕਿਲ੍ਹਿਆਂ ਵਿੱਚ ਕੈਦ ਰਹੇ, ਚੁਨਾਰ, ਅਲਾਹਾਬਾਦ, ਅਸੀਰਗੜ੍ਹ, ਹਜਾਰੀ ਬਾਗ਼ ਆਦਿ ਬਾਰੇ ਆਪ ਦੀ ਰਚਨਾ 'ਕਿਲ੍ਹਿਆਂ ਵਿੱਚ ਕੈਦ ਦੇਸ਼ ਭਗਤ ਕੂਕੇ' ਅਤੇ ਮੇਰੇ ਇਤਿਹਾਸਕ ਲੇਖਾਂ ਦਾ ਸੰਗ੍ਰਹਿ, 'ਸੰਗਰਾਮੀ ਚਿਹਰੇ' ਨਾਮਧਾਰੀ ਇਤਿਹਾਸ ਦੇ ਕਈ ਹਨੇਰੇ ਕੋਨਿਆਂ ਤੇ ਰੌਸ਼ਨੀ ਪਾਉਣ ਵਾਲੇ ਹਨ। ਅੰਮ੍ਰਿਤਸਰ ਦੇ ਨਾਮਧਾਰੀ ਸ਼ਹੀਦੀ ਸਾਕੇ ਬਾਰੇ ਉਹਨਾਂ ਦਾ ਕਿਤਾਬਚਾ ਵੀ ਨਵੇਂ ਤੱਥ ਪੇਸ਼ ਕਰਦਾ ਹੈ। 'ਗਊ ਰੱਖਿਆ ਬਾਰੇ' ਅਤੇ ਪ੍ਰੇਮ ਸੁਮਾਰਗ ਵਿਚਾਰ 'ਤੇ ਉਹ ਕੰਮ ਕਰ ਰਹੇ ਸਨ ਜੋ ਦਰਗਾਹੀ ਸੱਦਾ ਆ ਗਿਆ।

ਜਸਵਿੰਦਰ ਸਿੰਘ ਹੋਰਾਂ ਦਾ ਪੜਦਾਦਾ ਸ਼ੇਰ ਸਿੰਘ ਗੁਰੂ ਹਰੀ ਸਿੰਘ ਜੀ ਦੇ ਸਮੇਂ ਕੂਕਾ ਬਣਿਆ। ਉਸ ਦੇ ਦਾਦੇ ਖਜ਼ਾਨ ਸਿੰਘ ਦੇ ਘਰ ਮਾਤਾ ਜੀਵਨ ਕੌਰ ਦੇ ਵਰ ਨਾਲ ਸੱਤ ਪੁੱਤਰ ਤੇ ਇਕ ਧੀ ਹੋਏ। ਸਤਿਗੁਰੂ ਰਾਮ ਸਿੰਘ ਜੀ ਦਾ ਵਿਛੋੜਾ ਕੂਕਿਆਂ ਨੂੰ ਵਿਰਸੇ ਵਿੱਚ ਮਿਲਿਆ ਸੀ। ਇਹ ਬਿਰਹਾ ਜਸਵਿੰਦਰ ਸਿੰਘ ਨੇ ਵੀ ਹੰਡਾਇਆ। ਹੁਕਮਨਾਮਿਆਂ ਦਾ ਪਾਠ ਕਰਦੇ ਸਮੇਂ ਉਹ ਅਕਸਰ ਵੈਰਾਗੀ ਹੋ ਜਾਇਆ ਕਰਦੇ ਸਨ। ਫਿਰ ਸਤਿਗੁਰੂ ਜਗਜੀਤ ਸਿੰਘ ਜੀ ਥਾਪੜਾ ਦੇ ਕੇ ਉਹਨਾਂ ਨੂੰ ਸਹਿਜ ਕਰਿਆ ਕਰਦੇ ਸਨ। ਆਪਣੇ ਇਸ਼ਟ ਦੇ ਇਸ਼ਕ ਵਿੱਚ ਉਸ ਆਪਣੇ-ਆਪ ਨੂੰ ਨਾਮਧਾਰੀ ਇਤਿਹਾਸ ਦੀ ਬਲੀਵੇਦੀ ਤੇ ਤਿਲ-ਤਿਲ ਕਰਕੇ ਹੋਮ ਕਰ ਦਿੱਤਾ। ਬੇਸ਼ੱਕ ਗੁਰੂ ਦਰਬਾਰ ਵੱਲੋਂ ਉਹਨਾਂ ਦੀਆਂ ਹਰ ਪ੍ਰਕਾਰ ਦੀਆਂ ਜ਼ਰੂਰਤਾਂ ਦਾ ਧਿਆਨ ਰੱਖਿਆ ਜਾਂਦਾ ਸੀ ਫਿਰ ਵੀ ਉਹ ਇੱਕ ਸਧਾਰਨ ਕਿਰਤੀ ਦਸਤਕਾਰ ਪਰਿਵਾਰ ਵਿੱਚੋਂ ਆਇਆ ਹੋਣ ਕਰਕੇ, ਗ੍ਰਹਿਸਤੀ ਹੋਣ ਕਰਕੇ, ਜੀਵਨ ਸੰਗਰਾਮ ਵਿੱਚ ਕਦੇ ਅਭਾਵ ਗ੍ਰਸਤ ਵੀ ਹੋ ਜਾਂਦਾ ਹੋਵੇਗਾ। ਪਰ ਉਹ ਇਹਨਾਂ ਸਾਰੀਆਂ ਊੜਾਂ-ਥੁੜਾਂ, ਤੰਗੀਆਂ ਤੁਰਸ਼ੀਆਂ ਨੂੰ ਕਦੇ ਵੀ ਆਪਣੇ ਸ਼ੌਕ ਦੇ ਰਾਹ ਵਿੱਚ ਰੋੜਾ ਨਹੀਂ ਸੀ ਬਣਨ ਦਿੰਦੇ ਕਿਉਂ ਜੁ ਬਸਤੀਵਾਦੀ ਗੋਰੇ ਹਾਕਮਾਂ ਵਿਰੁੱਧ, ਪੰਜਾਬ ਦੀ ਧਰਤੀ ਤੋਂ ਉੱਠੇ ਪਹਿਲੇ ਜਨ ਵਿਦਰੋਹ ਕੂਕਾਂ ਅੰਦੋਲਨ ਦੇ ਵਰਕੇ ਫਰੋਲਣੇ ਅਤੇ ਇਹਨਾਂ ਨੂੰ ਪਾਠਕਾਂ ਦੇ ਸਨਮੁਖ ਕਰਨਾ ਉਹਨਾਂ ਹਿਸਟੋਰੀਅਨ ਜੀ ਨੂੰ ਹਜ਼ੂਰ ਸਤਿਗੁਰੂ, ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ ਸਮੇਂ 'ਨਾਮਧਾਰੀ ਇਤਿਹਾਸ ਖੋਜ ਰਤਨ' ਸਨਮਾਨ ਪ੍ਰਾਪਤ ਹੋਇਆ। ਨਾਮਧਾਰੀ ਪੰਥ ਦੇ ਵਕਾਰੀ ਸਨਮਾਨ ਜਿਵੇਂ 'ਸ਼ਹੀਦ ਭਾਈ ਲਹਿਣਾ ਸਿੰਘ ਪੰਨਵ' ਯਾਦਗਾਰੀ ਸਨਮਾਨ, 'ਮਾਸਟਰ ਨਿਹਾਲ ਸਿੰਘ ਯਾਦਗਾਰੀ ਸਨਮਾਨ' ਹਿਸਟੋਰੀਅਨ ਜੀ ਨੂੰ ਪ੍ਰਾਪਤ ਹੋਏ। ਹੋਰ ਵੱਖ-ਵੱਖ ਸਿੱਖ ਸੰਸਥਾਵਾਂ ਵੱਲੋਂ ਵੀ ਕਈ ਮਾਨ-ਸਨਮਾਨ ਆਪ ਨੂੰ ਮਿਲੇ।

ਪਿਛਲੇ ਇੱਕ ਦਹਾਕੇ ਵਿੱਚ ਨਾਮਧਾਰੀ ਸਾਹਿਤਕ, ਇਤਿਹਾਸਕ ਜਗਤ ਦੇ ਅੰਬਰ ਵਿੱਚੋਂ ਸਾਡੇ ਕਈ ਜਗ ਮਗਾਉਂਦੇ ਸਿਤਾਰੇ- ਜਗਦੀਸ਼ ਸਿੰਘ ਵਰਿਆਮ, ਪ੍ਰੋਫੈਸਰ ਤਾਰਾ ਸਿੰਘ ਅਨਜਾਣ, ਨਰਿੰਦਰ ਸਿੰਘ ਯੁੱਗ ਮਰਿਆਦਾ, ਸਾਧੂ ਸਿੰਘ ਕਿਸਾਨ, ਮਾਸਟਰ ਅਮਰੀਕ ਸਿੰਘ, ਸ. ਸ. ਮਨਧੀਰ, ਸੂਬਾ ਸੁਰਿੰਦਰ ਕੌਰ ਖਰਲ ਅਤੇ ਹੁਣੇ ਪਿੱਛੇ ਜਿਹੇ ਹੀ ਹਰਵਿੰਦਰ ਸਿੰਘ ਹੰਸਪਾਲ ਸਾਥੋਂ ਵਿਛੜੇ ਹਨ ਪਰ ਹੁਣ ਹਿਸਟੋਰੀਅਨ ਹੋਣਾਂ ਦੇ ਜਾਣ ਨਾਲ ਇਉਂ ਭਾਸਦਾ ਹੈ ਜਿਵੇਂ ਕੂਕਾ ਇਤਿਹਾਸ ਦੀ ਕੁਤਬ-ਲਾਠ ਹੀ ਡਿੱਗ ਪਈ ਹੋਵੇ।

ਉਹਨਾਂ ਦੇ ਕੀਤੇ ਵੱਡੇ ਕਾਰਜਾਂ ਦੀ ਯਾਦ ਚਿਰ ਕਾਲ ਤੱਕ ਬਣੀ ਰਹੇਗੀ। ਆਉਣ ਵਾਲੇ ਖੋਜੀਆਂ ਲੇਖਕਾਂ ਲਈ ਉਹਨਾਂ ਦਾ ਕੀਤਾ ਕੰਮ, ਦਰਿਆ ਦੇ ਗਾਹਣ ਵਿੱਚ ਸੌਖਿਆਂ ਲੰਘਣ ਵਾਲਿਆਂ ਵਾਸਤੇ ਗੱਡੇ ਕਾਨਿਆਂ ਵਰਗਾ ਹੈ।

ਉਸ ਨਿਸ਼ਠਾਵਾਨ, ਕਰਮ ਜੋਗੀ, ਕਲਮਕਾਰ ਅਤੇ ਸਤਿਗੁਰੂ ਦੇ ਸੱਚੇ ਸਿੱਖ ਦੀ ਯਾਦ ਵਿੱਚ ਸਿਰ ਝੁਕਾਉਂਦਾ ਹਾਂ। ਸਤਿਗੁਰੂ ਜੀ ਉਹਨਾਂ ਦੇ ਪਰਿਵਾਰ ਦੇ ਸਿਰ ਤੇ ਆਪਣਾ ਮਿਹਰ ਭਰਿਆ ਹੱਥ ਰੱਖਣ। ਦਾ ਆਪਣੇ ਆਪ ਵਰਿਆ ਇਸ਼ਕ ਸੀ। ਇਹਨਾਂ ਦੀ ਰੀਝ ਇਸ ਇਤਿਹਾਸ ਗਗਨ ਦੀਆਂ ਅਜੇ ਹੋਰ ਉਡਾਰੀਆਂ ਭਰਨ ਦੀ ਸੀ ਪਰ ਸਾਰੀਆਂ ਰੀਝਾਂ ਕਿਸੇ ਦੀਆਂ ਕਦੋਂ ਪੂਰੀਆਂ ਹੁੰਦੀਆਂ ਹਨ।

..............................................................

# ਸਿੱਖ ਧਰਮ ਦਰਸ਼ਨ



**ਗੁਰੂਬਚਨ ਸਿੰਘ ਨਾਮਧਾਰੀ**
**9316051015**

ਫ਼ਲਸਫ਼ਾ ਜਾਂ ਦਰਸ਼ਨ, ਧਰਮ ਸੰਪਰਦਾ ਦੀ ਵਿਚਾਰਧਾਰਾ, ਅਕੀਦਾ, ਜੀਵ ਬ੍ਰਹਮ ਰਿਸ਼ਤਿਆਂ ਦੀ ਸ਼ਨਾਖਤ, ਮਨੁੱਖੀ ਜੀਵਨ, ਆਚਾਰ, ਆਹਾਰ, ਕਰਮ, ਪੁਨਰ ਜਨਮ, ਮੋਖ਼ਸ਼ ਆਦਿ ਦੇ ਸੰਦਰਭ ਵਿਚ, ਕੁਝ ਨਿਸ਼ਚਿਤ ਮਾਨਤਾਵਾਂ ਨੂੰ ਪ੍ਰਗਟ ਕਰਦਾ ਹੈ। ਹਜ਼ਾਰਾਂ ਸਾਲਾਂ ਤੋਂ ਇਹੋ ਫ਼ਲਸਫ਼ਾ ਜਾਂ ਵਿਚਾਰਧਾਰਾ ਨੂੰ ਵਸੀਲਾ ਬਣਾ ਕੇ ਬਸਤੀਵਾਦੀ ਆਕਾਂਖੀ, ਕਈ ਹਮਲਾਵਰ ਆਏ। ਮੁਗ਼ਲ ਹਮਲਾਵਰ ਜਦੋਂ ਆਉਂਦੇ ਤਾਂ ਫ਼ੌਜਾਂ ਦੇ ਨਾਲ ਨਾਲ, ਕਈ ਤਥਾਕਥਿਤ ਆਲਿਮ ਫ਼ਾਜ਼ਿਲ ਅਤੇ ਸੂਫ਼ੀ ਫ਼ਕੀਰ ਵੀ ਲਿਆਉਂਦੇ ਰਹੇ। ਹਥਿਆਰਾਂ ਦੇ ਸਿਰ 'ਤੇ, ਉਸ ਮੁਲਕ ਦੇ ਭੂਗੋਲ ਅਤੇ ਸਿਆਸਤ ਤੇ ਕਾਬਜ਼ ਹੋਣਾ ਅਤੇ ਵਿਦਵਾਨਾਂ, ਲਿਖਾਰੀਆਂ, ਸੂਫ਼ੀ ਫ਼ਕੀਰਾਂ ਦੇ ਸਿਰ 'ਤੇ, ਉਸ ਮੁਲਕ ਦੇ ਬਾਸ਼ਿੰਦਿਆਂ ਦੇ ਦਿਮਾਗ਼ ਜਾਂ ਵਿਚਾਰਾਂ ਨੂੰ ਸਾਫ਼ ਕਰ ਕੇ, ਆਪਣਾ ਅਕੀਦਾ, ਇਬਾਦਤ, ਰਹੁ-ਰੀਤਾਂ ਨੂੰ ਥੋਪ ਕੇ ਸਦੀਵੀ ਗੁਲਾਮ ਬਣਾਇਆ ਜਾ ਸਕੇ। ਅੰਗਰੇਜ਼ੀ ਹਕੂਮਤ ਤਾਂ ਬਾਕਾਇਦਾ, ਬ੍ਰਿਟਿਸ਼ ਪਾਰਲੀਆਮੈਂਟ ਵਿਚ ਚਾਰਟਰ ਐਕਟ 1913 ਪਾਸ ਕਰਵਾ ਕੇ, ਹਿੰਦੁਸਤਾਨ ਦੇ ਤਕਰੀਬਨ ਹਰ ਸਟੇਟ ਵਿਚ, ਭਰਪੂਰ ਪ੍ਰਚਾਰ ਸਮੱਗਰੀ ਅਤੇ ਪ੍ਰਚਾਰਕ ਭੇਜੇ। ਇਹ ਵਿਚਾਰਧਾਰਾ ਦੀ ਬਸਤੀਵਾਦੀ ਤਕਨੀਕ ਹੈ ਸੀ। ਦੂਜੇ ਦੀ ਵਿਚਾਰਧਾਰਾ, ਅਕੀਦਾ ਜਾਂ ਫ਼ਲਸਫ਼ੇ ਦਾ ਖੰਡਨ ਕਰ ਕੇ ਆਪਣੀ ਵਿਚਾਰਧਾਰਾ ਨੂੰ ਸਥਾਪਿਤ ਕਰਨਾ।

ਭਗਵਾਨ ਬੁੱਧ ਦੇ ਬੋਧ ਧਰਮ ਫ਼ਲਸਫ਼ੇ ਨੂੰ ਵੀ, ਧਰਮ ਰੂਪਾਂਤਰਣ ਜਾਂ ਧਰਮ ਪ੍ਰੀਵਰਤਨਕਾਰੀ ਵਿਚਾਰਧਾਰਾ ਮੰਨਿਆ ਗਿਆ ਹੈ। ਜਦੋਂ ਪ੍ਰੇਰਿਆ ਜਾਂਦਾ ਹੈ ਕਹਿਣ ਲਈ, 'ਬੁੱਧੰ ਸ਼ਰਣਮ ਗੱਛਾਮਿ', 'ਧੱਮਮ ਸ਼ਰਣਮ ਗੱਛਾਮੀ' ਜਾਂ 'ਸੰਘਮ ਸ਼ਰਣਮ ਗੱਛਾਮਿ' ਤਾਂ ਅਰਥ ਹੈ, ਬੁੱਧ ਦੀ ਸ਼ਰਣ ਜਾ ਰਿਹਾ ਹਾਂ, ਧੱਮ ਅਰਥਾਤ ਬੁੱਧ ਵਿਚਾਰਾਂ ਫ਼ਸਲਫ਼ੇ ਵਾਲਾ ਗ੍ਰੰਥ, ਧੱਮਪਦ ਦੀ ਸ਼ਰਣ ਜਾ ਰਿਹਾ ਹਾਂ... ਸੰਘ ਅਰਥਾਤ ਬੋਧ ਧਰਮ ਸਮਾਜ ਦੀ ਸ਼ਰਣ ਜਾ ਰਿਹਾਂ। ਇਹ ਕ੍ਰਿਆ ਧਰਮ ਪ੍ਰੀਵਰਤਨਕਾਰੀ ਕ੍ਰਿਯਾ ਮੰਨੀ ਗਈ।

ਜੀ. ਡਬਲਯੂ. ਲੈਟਨਰ, "ਕਿੰਗਸ ਕਾਲੇਜ" ਇੰਗਲੈਂਡ ਦਾ ਪ੍ਰੋਫ਼ੈਸਰ ਸੀ। ਬਹੁਤ ਵੱਡਾ ਵਿਦਵਾਨ ਅਤੇ ਕੂਟਨੀਤਿਗ ! ਕਹਿੰਦੇ ਹਨ, ਪੰਜਾਬੀ ਸਹਿਤ ਦੁਨੀਆਂ ਦੀਆਂ 50 ਭਾਸ਼ਾਵਾਂ ਬਹੁਤ ਸਹਿਜੇ ਬੋਲ ਲਿਖ ਸਕਦਾ ਸੀ। ਬ੍ਰਿਟਿਸ਼ ਹਕੂਮਤ ਨੇ ਉਸ ਨੂੰ ਕਿਹਾ, ਹਿੰਦੁਸਤਾਨ ਦੇ ਸਾਰੇ ਸਟੇਟ ਤਾਂ ਅਧੀਨ ਹੋ ਗਏ, ਪਰ ਪੰਜਾਬੀਆਂ ਦੀ ਅਣਖ ਜਾਂ ਸਵੈਮਾਣ, ਸਾਡੇ ਅਧੀਨ ਨਹੀਂ ਹੋ ਰਿਹਾ। ਤੁਸੀਂ ਕੋਈ ਜੁਗਤ ਬਣਾਓ...ਕੋਈ ਸ਼ਾਸਨ ਨੀਤੀ, ਜੋ ਪੰਜਾਬ ਨੂੰ ਅਧੀਨ ਰੱਖ ਸਕੀਏ। ਪ੍ਰੋ. ਲੈਟਨਰ ਨੇ 6 ਵਰ੍ਹੇ ਪੰਜਾਬ ਦੇ ਪਿੰਡਾਂ, ਗੁਰਦੁਆਰਿਆਂ, ਮੰਦਰਾਂ ਅਤੇ ਮਸੀਤਾਂ ਨੂੰ, ਪੰਜਾਬੀ ਭੇਖ ਧਾਰ ਕੇ ਵੇਖਿਆ। ਗੁਰਦੁਆਰਿਆਂ ਵਿਚ ਪੰਜ ਗ੍ਰੰਥੀਆਂ ਦਾ ਪਾਠ, ਸਮੂਹਕ ਸ਼ਬਦ ਗਾਇਨ ਅਤੇ ਸਿੱਖ ਸੂਰਬੀਰਤਾ ਭਰੇ ਇਤਿਹਾਸ ਦੇ ਪ੍ਰਸੰਗ ਪੜ੍ਹਾਏ ਅਤੇ ਸੁਣਾਏ ਜਾਂਦੇ ਵੇਖੇ। ਮੰਦਰਾਂ ਦੀਆਂ ਪਾਠਸ਼ਾਲਾਵਾਂ, ਮਸੀਤਾਂ ਦੇ ਮਦਰੱਸਿਆਂ ਵਿਚ ਚੱਲ ਰਹੀਆਂ ਸਿੱਖਿਆਵਾਂ, ਨਿੱਕਿਆਂ ਤੋਂ ਹੀ ਬੱਚਿਆਂ ਵਿਚ, ਧਰਮ ਬੋਧ, ਸਭਿਆਚਾਰ, ਸਦਾਚਾਰ, ਰਾਸ਼ਟਰ ਭਗਤੀ ਅਤੇ ਸੂਰਬੀਰਤਾ, ਸਵੈਮਾਣ ਦੇ ਪੰਜਾਬੀ ਅਤੀਤ ਨਾਲ ਜੁੜਦਿਆਂ ਵੇਖਿਆ। ਪ੍ਰੋ. ਲੈਟਨਰ ਨੇ ਰਿਪੋਰਟ ਵਿਚ ਸਪੱਸ਼ਟ ਲਿਖਿਆ, "ਜੇ ਪੰਜਾਬ ਨੂੰ ਅਧੀਨ ਰੱਖਣਾ ਹੈ ਤਾਂ ਇਨ੍ਹਾਂ ਨੂੰ ਵਿਰਸੇ ਤੋਂ ਤੋੜਨਾ ਪਵੇਗਾ...ਇਨ੍ਹਾਂ ਦੇ ਹੱਥਾਂ 'ਚੋਂ ਪੰਜਾਬੀ ਕੈਦੇ, ਗੁਟਕੇ, ਇਤਿਹਾਸਕ ਪ੍ਰਸੰਗਾਂ ਦੀਆਂ ਪੋਥੀਆਂ ਖੋਹ ਕੇ, ਬਾਈਬਲ ਦੀਆਂ ਟੂਕਾਂ ਅਤੇ ਪ੍ਰਭੂ ਜੀਸਸ ਦੇ ਪ੍ਰਸੰਗਾਂ ਵਾਲੀਆਂ ਬੁਕਲੇਟਸ ਫੜਾਉਣੀਆਂ ਲਾਜ਼ਮੀ ਹੈ। ਇਹ ਸਾਜ਼ਿਸ਼, ਸਿੱਖ ਧਰਮ ਫ਼ਲਸਫ਼ਾ, ਮਰਿਆਦਾ ਅਤੇ ਮਾਨਤਾਵਾਂ ਨੂੰ ਬਾਹਰ ਕੱਢ ਕੇ, ਅੰਗਰੇਜ਼ੀ ਵਿਚਾਰਧਾਰਾ, ਫ਼ਲਸਫ਼ੇ ਨੂੰ ਬਾਲ ਬੁੱਧੀ ਵਿਚ ਸਥਾਪਤ ਕਰਨਾ ਸੀ। ਪ੍ਰੋ.

ਲੈਟਨਰ ਦੀ ਸਿਫਾਰਿਸ਼ ਦੇ ਅਨੁਰੂਪ ਹੀ ਸਰਕਾਰੀ ਨੀਤੀਆਂ ਬਣੀਆਂ ਅਤੇ ਫਿਰ 1834 ਵਿਚ ਲਾਰਡ ਮੈਕਾਲੇ ਦੀ ਨਵੀਂ ਸਿੱਖਿਆ ਪ੍ਰਣਾਲੀ ਲਾਗੂ ਹੋਈ। ਪੰਜਾਬੀਆਂ ਦਾ ਬ੍ਰੇਨ ਵਾਸ਼ ਕਰ ਕੇ, ਸਿੱਖ ਧਰਮ ਦਰਸ਼ਨ, ਪੰਜਾਬੀ ਜੀਵਨ ਸ਼ੈਲੀ, ਅਕੀਦਾ ਖੋਹ ਕੇ, ਅੰਗਰੇਜ਼ੀ ਧਰਮ ਫ਼ਲਸਫ਼ਾ ਸਥਾਪਿਤ ਕਰਨ ਦੀ ਚਾਲ ਆਰੰਭ ਹੋਈ। ਸੰਨ 1857 ਤੋਂ 1863, ਪੰਜ ਸਾਲ ਸਤਿਗੁਰੂ ਰਾਮ ਸਿੰਘ ਨੇ, ਪਿੰਡਾਂ-ਪਿੰਡਾਂ ਤੇ ਸ਼ਹਿਰਾਂ, ਕਸਬਿਆਂ ਦੇ ਦੌਰੇ ਕੀਤੇ। ਪੰਜਾਬੀ ਫ਼ਲਸਫ਼ਾ ਅਤੇ ਸਿੱਖ ਧਰਮ ਦਰਸ਼ਨ ਤੇ ਹੋ ਰਹੇ ਇਸ ਗੁਪਤ ਹਮਲੇ ਨੂੰ ਸਮਝਿਆ। ਪੰਜਾਬ ਵਿਚ ਚੱਲ ਰਹੇ ਕਈ 'ਗਿਰਜਾ ਘਰ' ਅਤੇ ਈਸਾਈ ਮਿਸ਼ਨਰੀ ਸਕੂਲ ਵੇਖੇ। ਉਹਨਾਂ ਦੀ ਸਿੱਖਿਆ ਸਮੱਗਰੀ, ਵਿਸ਼ਾ ਅਤੇ ਪਾਠਕ੍ਰਮ ਵੇਖੇ। ਪ੍ਰੋ. ਮੈਕਾਲੇ ਦਾ ਇਹ ਦਾਅਵਾ ਸੱਚਾ ਲੱਗਾ ਕਿ ਮੇਰੀ ਸਿੱਖਿਆ ਪ੍ਰਣਾਲੀ ਅਧੀਨ, ਜੇ ਦੋ ਪੀੜ੍ਹੀਆਂ ਪੜ੍ਹ ਜਾਣ ਤਾਂ ਅੱਗੋਂ ਉਨ੍ਹਾਂ ਦੀ ਸੰਤਾਨ, ਤੀਜੀ ਪੀੜ੍ਹੀ ਨਿਸ਼ਚਿਤ ਈਸਾਈ ਮੱਤ ਵਾਲੀ ਹੀ ਜੰਮੇਗੀ। ਸਤਿਗੁਰੂ ਰਾਮ ਸਿੰਘ ਜੀ ਨੇ ਦੀਵਾਨ ਬੂਟਾ ਸਿੰਘ ਦਾ ਛਾਪਾਖਾਨਾ, ਲਾਹੌਰ ਤੋਂ ਸਿੱਖ ਧਰਮ ਦਰਸ਼ਨ, ਸਿੱਖ ਇਤਿਹਾਸ, ਗੁਰਬਾਣੀ ਦੇ ਗੁਟਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਵੇਂ ਸੰਸਕਰਣ ਛਪਵਾ ਕੇ, ਘਰੋ-ਘਰ ਪਹੁੰਚਾਏ ਅਤੇ ਆਪ ਪਿੰਡ-ਪਿੰਡ ਜਾ ਕੇ ਪੰਜਾਬੀਆਂ ਨੂੰ ਪ੍ਰੇਰ ਕੇ, ਆਪਣੇ ਅਮੀਰ ਵਿਰਸੇ ਨਾਲ ਜੋੜਿਆ।

ਗੁਰੂ ਨਾਨਕ ਤੋਂ ਆਰੰਭ, ਸਿੱਖ ਧਰਮ ਦਰਸ਼ਨ ਕਿਤੇ ਵੀ 'ਧਰਮਾਂਤਰਣ' ਨੂੰ ਉਤਸ਼ਾਹਤ ਨਹੀਂ ਕਰਦਾ। ਹਿੰਦੂ ਹੈ ਤਾਂ ਸੱਚਾ ਹਿੰਦੂ ਬਣੇ, ਮੁਸਲਮਾਨ ਹੈ ਤਾਂ ਸੱਚਾ ਮੁਸਲਮਾਨ ਬਣੇ, ਖ਼ੁਦਾ ਰਸੂਲ ਦੀ ਸਿਰਜੀ ਹੋਈ ਖ਼ੁਦਾਈ ਪ੍ਰਤੀ ਈਮਾਨ ਰੱਖੇ।

ਸਿੱਖ ਧਰਮ, ਸਾਰੀ ਧਰਤੀ ਨੂੰ, ਇਸ ਤੇ ਵਸਦੇ ਜੀਆਂ ਨੂੰ ਇਕ ਰਿਸ਼ਤੇ ਵਿਚ ਵੇਖਦਾ ਹੈ। ਵੱਖਵਾਦ ਅਤੇ ਭਿੰਨ ਭੇਦ ਨੂੰ ਤੋੜਦਾ ਹੈ... "ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ॥" ਦਾ ਸੁਨੇਹਾ, ਦੁਨੀਆਂ ਵਿਚ ਪਹੁੰਚਾਉਂਦਾ ਹੈ।

ਵੈਦਿਕ ਕਾਲ ਵਿਚ '(ॐ) ਦੀ ਘੋਸ਼ਣਾ ਹੋਈ। ਇਹ ਸ੍ਰਿਸ਼ਟੀ ਦੀ ਸਿਰਜਣਾ, ਪਾਲਣਾ ਅਤੇ ਵਿਨਾਸ਼ ਦਾ ਪ੍ਰਤੀਕ ਸਵੀਕਾਰ ਹੋਇਆ। ਇਹ ਇਕ ਸਰਬ ਸਾਂਝਾ, ਰੱਬ ਦਾ ਪ੍ਰਤੀਕ ਸ਼ਬਦ ਸੀ। ਵੈਦਿਕ ਕਾਲ, ਆਰੀਆਂ ਦੇ ਆਗਮਨ ਤੋਂ ਤਕਰੀਬਨ ਇਕ ਹਜ਼ਾਰ ਸਾਲ ਮਗਰੋਂ ਆਰੰਭ ਹੋਇਆ ਮੰਨਿਆ ਜਾਂਦਾ ਹੈ। ਉਦੋਂ ਅਜੇ ਹਿੰਦੂ, ਮੁਸਲਮਾਨ, ਯਹੂਦੀ, ਈਸਾਈ, ਕੋਈ ਧਰਮ ਸੰਪਰਦਾ ਨਹੀਂ ਸੀ। ਬੱਸ, ਮਨੁੱਖ ਸੀ, ਜੰਗਲਾਂ ਵਿਚ, ਪ੍ਰਕ੍ਰਿਤੀ ਨਾਲ ਤਾਲਮੇਲ ਬਣਾਉਂਦਾ ਹੋਇਆ, ਜੰਗਲ ਦੇ ਹਿੰਸਕ ਜੀਆਂ ਤੋਂ ਸੁਰੱਖਿਆ ਦੀ ਜੁਗਤ ਕਰਦਾ ਅਤੇ ਫਿਰ ਰੋਜ਼ੀ ਰੋਟੀ ਦੀ ਤਲਾਸ਼ ਵਿਚ ਭਟਕਦਾ ਹੋਇਆ ਮਨੁੱਖ। ਵੇਦਾਂ ਦੀ ਸਿਰਜਣਾ ਹੋਈ। ਪਰਮੇਸ਼ਰ ਲਈ 'ਬ੍ਰਹਮ' ਸ਼ਬਦ ਆਇਆ। ਜਿਹੜੇ ਬੌਧਿਕ ਤਲ 'ਤੇ 'ਬ੍ਰਹਮ' ਦੀ ਖੋਜ ਕਰਨ ਲੱਗੇ, ਉਹ 'ਬ੍ਰਾਹਮਣ' ਕਹੇ ਗਏ। ਖੇਤਰ ਦੀ ਅਰਥਾਤ ਰਾਜ ਸੀਮਾ ਦੀ ਰੱਖਿਆ ਕਰਨ ਵਾਲੇ ਖੱਤਰੀ ਕਹਿਲਾਏ। ਵਿਵਸਾਇ ਜਾਂ ਵਾਪਾਰ ਕਰਨ ਵਾਲੇ ਵੈਸ਼ਯ ਅਤੇ ਸੇਵਾ ਸਫ਼ਾਈ ਵਾਲੇ ਸ਼ੂਦਰ ਕਹੇ ਗਏ। ਇਵੇਂ 'ਵਰਣ' ਬਣੇ।

ਜਦੋਂ ਹਿੰਦੁਸਤਾਨ ਵਿਚ ਵਰਣ ਵਿਵਸਥਾ ਵਿਕਸਿਤ ਹੋ ਰਹੀ ਸੀ, ਉਦੋਂ ਤਕਰੀਬਨ ਚਾਰ ਹਜ਼ਾਰ ਸਾਲ ਪਹਿਲਾਂ, ਮੱਧ ਏਸ਼ੀਆ ਵਿਚ 'ਹਜ਼ਰਤ ਇਬ੍ਰਾਹਿਮ' ਹੋਏ। ਪਹਿਲੀ ਘਰ ਵਾਲੀ 'ਸਰਾਂ' ਤੋਂ ਕੋਈ ਔਲਾਦ ਨਾ ਹੋਈ। ਦੂਜੇ ਸੇਵਾ ਲਈ ਆਈ 'ਹਾਜਰਾ' ਨਾਲ ਮੇਲ ਹੋਇਆ। ਇਸਮਾਈਲ ਦਾ ਜਨਮ ਹੋਇਆ। ਕੁਦਰਤ ਦਾ ਸੰਜੋਗ ਬਣਿਆ, ਪਹਿਲੀ ਔਰਤ 'ਸਰਾਂ' ਦੀ ਕੁੱਖੋਂ ਵੀ ਇਕ ਪੁੱਤਰ 'ਇਸਹਾਕ' ਦਾ ਜਨਮ ਹੋਇਆ। ਅੱਗੇ ਚੱਲ ਕੇ ਇਸਮਾਈਲ ਤੋਂ ਯਹੂਦੀ ਧਰਮ ਅਤੇ ਇਸਹਾਕ ਤੋਂ ਇਸਲਾਮ ਧਰਮ ਤੁਰਿਆ। ਯਹੂਦੀ ਧਰਮ ਵਿਚ ਹੀ, ਸਮਾਂ ਪਾ ਕੇ ਜੀਸਸ ਜਾਂ ਯਿਸੂ ਹੋਏ, ਜਿਨ੍ਹਾਂ ਤੋਂ 'ਯਰੂਸ਼ਲੇਮ' ਤੋਂ ਈਸਾਈ ਧਰਮ ਆਰੰਭ ਹੋਇਆ। ਇਕੋ ਹਜ਼ਰਤ ਇਬ੍ਰਾਹਿਮ ਦੇ ਵੰਸ਼ਜ, ਤਿੰਨ ਧਰਮ ਸੰਪਰਦਾਵਾਂ ਬਣਾ ਕੇ, ਦੁਨੀਆਂ ਨੂੰ ਅਧੀਨ ਕਰਨ ਲਈ ਜ਼ੋਰ ਅਜ਼ਮਾਇਸ਼ ਕਰਦੇ ਰਹੇ। ਅੱਜ ਇਹ ਧਰਮ ਦੇ ਨਾਂ 'ਤੇ ਸਾਰੇ ਇਕ ਦੂਜੇ ਦੇ ਖ਼ਿਲਾਫ਼ ਖੜ੍ਹੇ ਹਨ।

ਗੁਰੂ ਨਾਨਕ ਦਾ ਫ਼ਲਸਫ਼ਾ, ਦੁਨੀਆਂ ਦਾ ਨਿਵੇਕਲਾ ਅਤੇ ਪਹਿਲਾ ਫ਼ਲਸਫ਼ਾ ਹੈ, ਜਿਸ ਨੇ ਆਪਣੀ ਗੱਲ 'ੴ' ਤੋਂ ਆਰੰਭ ਕੀਤੀ। 'ੳ' ਵੈਦਿਕ ਗਿਆਨ ਤੋਂ ਉਪਜਿਆ, ਇਕ ਨਾਦ ਰੂਪ ਧੁਨੀ ਸੀ। ਪਰਮੇਸ਼ਰ ਲਈ, ਇਹ ਸਭ ਤੋਂ ਵੱਧ ਬਿੰਬਾਤਮਕ ਸ਼ਬਦ ਸੀ। ਗੁਰੂ ਨਾਨਕ ਪਾਤਸ਼ਾਹ ਨੇ, ਉਸ ਓਂਕਾਰ ਸ਼ਬਦ ਨੂੰ ਨਿਰੰਕਾਰ ਦੇ ਬਿੰਬ ਰੂਪ ਵਿਚ ਵਰਤਿਆ, ਨਾਲ ੧ ਲਾਇਆ। ਉਹ ਸ੍ਰਿਸ਼ਟੀ ਦਾ ਸੁਆਮੀ ਇਕ ਹੈ। ਸਾਰੀ ਸ੍ਰਿਸ਼ਟੀ, ਇਕ ਅਦਿੱਖ ਧਾਗੇ ਵਿਚ ਬੱਝੀ ਹੋਈ ਹੈ। ਇਹ ਧਾਗਾ 'ਮਾਇਆ' ਹੈ। ਇਹ ਮਾਇਆ ਵੀ ਪਰਮੇਸ਼ਰ ਆਪ ਰਚੀ। 'ਸਾਂਖਯ ਦਰਸ਼ਨ' ਦੇ ਦ੍ਰਸ਼ਟਾ ਮਹਾਰਿਸ਼ੀ ਕਪਿਲ, ਸ੍ਰਿਸ਼ਟੀ ਨੂੰ ਪ੍ਰਕ੍ਰਿਤੀ ਕਹਿੰਦੇ ਹਨ। ਪਰਮੇਸ਼ਰ

'ਪੁਰਖ' ਹੈ।

ਤਾਂ ਗੁਰੂ ਨਾਨਕ ਪਾਤਸ਼ਾਹ ਸੋਰਠ ਰਾਗ ਵਿਚ ਗਾਉਂਦੇ ਹਨ–

ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ॥

ਇਹ ਬਾਰੀਕ ਤੰਦ, ਇਹ ਧਾਗਾ, ਪ੍ਰਕਿਰਤੀ ਹੈ, ਮਾਇਆ ਹੈ। ਸਾਰਾ ਜਗ ਇਕ ਧਾਗੇ ਵਿਚ ਬੱਝਾ ਹੋਇਆ ਹੈ। ਇਕ ਨਿੱਕਾ ਜਿਹਾ ਫੁੱਲ ਦਾ ਬੂਟਾ! ਉਸ ਦੀ ਸ਼ਾਖ 'ਤੇ ਲੱਗਾ ਫੁੱਲ ਤੋੜਿਆ...ਬੂਟਾ ਕੰਬ ਗਿਆ। ਉਸ ਦਾ ਇਹ ਕਾਂਬਾ, ਇਹ ਕੰਪੰਨ, ਇਹ ਵਾਈਬ੍ਰੇਸ਼ਨ ਧਰਤੀ ਦੇ ਉੱਤਰੀ ਦੱਖਣੀ ਪੋਲ ਤਕ, ਪੂਰਬ ਤੋਂ ਪੱਛਮ ਤਕ, ਉਸੇ ਖਿਣ ਪਹੁੰਚ ਗਈ। ਅੱਜ ਵਿਗਿਆਨ ਕਹਿੰਦਾ ਹੈ, ਗੁਰੂ ਨਾਨਕ ਦਾ ਇਹ ਮਹਾਂਵਾਕ ਸੱਤ ਹੈ। ਅਸੀਂ ਜਿਸ ਨੂੰ ਚੇਤਨ ਊਰਜਾ ਕਹਿੰਦੇ ਹਾਂ, ਸਤਿਗੁਰ ਉਸ ਨੂੰ ਮਾਈ ਜਾਂ ਮਾਇਆ ਕਹਿੰਦੇ ਹਨ।

ਗੁਰੂ ਨਾਨਕ ਪਾਤਸ਼ਾਹ ਦਾ ਦੂਜਾ ਫ਼ਲਸਫ਼ਾ, ਹਰ ਜੀਅ ਵਿਚ, ਹਰ ਜੜ੍ਹ ਜਾਂ ਚੇਤਨ ਪਦਾਰਥ ਵਿਚ, ਪਰਮੇਸ਼ਰ ਮੌਜੂਦ ਹੈ। ਹਰ ਪਾਸੇ, ਹੇ ਨਿਰੰਕਾਰ ਤੂੰ ਹੀ ਤੂੰ ਹੈ। ਇਹ ਸੂਰਜ, ਚੰਦ, ਆਕਾਸ਼, ਮੰਡਲ, ਸੱਤ ਦਵੀਪਾਂ ਵਾਲੀ ਧਰਤੀ, ਜਲ, ਹਵਾ, ਅਗਨ...ਇਨ੍ਹਾਂ ਸਾਰਿਆਂ ਵਿਚ ਤੂੰ ਹੀ ਹੈਂ। ਜਦੋਂ ਇਹ ਸਾਰੇ ਬਿਨਸ ਜਾਣਗੇ...ਸੂਰਜ, ਚੰਦ, ਧਰਤੀ- ਕੁਝ ਨਾ ਰਹੇ ਗਾ ਹੇ ਨਿਰੰਕਾਰ, ਉਦੋਂ ਵੀ ਤੂੰ ਹੀ ਰਹੇਂਗਾ।

ਪ੍ਰਮੁੱਖ ਸਿੱਖ ਵਿਦਵਾਨ ਡਾ. ਜਸਵੰਤ ਸਿੰਘ ਨੇਕੀ ਲਿਖਦੇ ਹਨ, ਭਾਈ ਵੀਰ ਸਿੰਘ ਜੀ ਦੀ ਕੋਠੀ, ਭਾਈ ਵੀਰ ਸਿੰਘ ਮਾਰਗ (ਲਾਰੰਸ ਰੋਡ), ਅੰਮ੍ਰਿਤਸਰ ਹੈ। ਵੱਡਾ ਜਿਹਾ ਬਗੀਚਾ। ਅਸੀਂ ਉਨ੍ਹਾਂ ਦੇ ਵਿਦਿਆਰਥੀ ਸਾਂ। ਇਕ ਦਿਨ ਬਾਗ਼ ਵਿਚ ਟਹਿਲਦਿਆਂ, ਭਾਈ ਸਾਹਿਬ ਖਲੋ ਗਏ। ਇਕ ਤਿੱਤਲੀ ਫੁੱਲ 'ਤੇ ਬਹਿ ਕੇ, ਰਸ ਦਾ ਆਨੰਦ ਲੈ ਰਹੀ ਸੀ। ਅਸੀਂ ਤਿੰਨ ਵਿਦਿਆਰਥੀ ਵੀ ਖਲੋ ਗਏ। ਤਿਤਲੀ ਰਸ ਲੈ ਕੇ ਉੱਡ ਗਈ। ਸਾਡੇ ਵੱਲ ਮੁਖਾਤਿਬ ਹੋਏ, "ਦੱਸੋ, ਕੀ ਵੇਖਿਆ ?" ਕਿਸੇ ਕਿਹਾ, ਜੀ ਤਿਤਲੀ ਫੁੱਲ 'ਤੇ ਬੈਠੀ ਉਡਾਰੀ ਮਾਰ ਗਈ। ਕਿਸੇ ਹੋਰ ਨੇ ਕੁਝ ਇਸੇ ਤਰ੍ਹਾਂ ਦਾ ਜਵਾਬ ਦਿੱਤਾ। ਮੇਰੇ ਵੱਲ ਮੁਖ਼ਾਤਿਬ ਹੋਏ, ਤੂੰ ਕਵੀ ਹਿਰਦੇ ਵਾਲਾ ਹੈਂ, ਦੱਸ ਕੀ ਵੇਖਿਆ। ਕਹਿੰਦੇ, ਮੈਂ ਤਤਕਾਲ ਦੋ ਸਤਰਾਂ ਜੋੜ ਕੇ ਸੁਣਾ ਦਿੱਤੀਆਂ।

ਅੱਜ ਮੇਰਾ ਸੁਹੱਪਣ ਵੀ ਜ਼ਾਇਆ ਹੋ ਗਿਆ।
ਰਸ ਲੈ ਕੇ ਆਸ਼ਕ ਭੀ ਪਰਾਇਆ ਹੋ ਗਿਆ।

ਭਾਈ ਵੀਰ ਸਿੰਘ ਕਹਿੰਦੇ, ਤੁਸੀਂ ਸਾਰੇ ਦੁਵਿਧਾ ਵਿਚ ਹੋ। ਇਹ ਜੋ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਸਿਰੀ ਰਾਗ ਵਿਚ–

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰ॥

ਉਹ ਨਿੱਕੀ ਜਿਹੀ ਤਿਤਲੀ, ਇਸ ਸ਼ਬਦ ਦੀ ਵਿਆਖਿਆ ਕਰ ਗਈ।

ਮੇਰੇ ਤੋਂ ਇਕ ਵਾਰ, ਖਾਰ ਰੋਡ, ਮੁੰਬਈ ਕਥਾ ਉਪਰਾਂਤ ਕਿਸੇ ਪੁੱਛਿਆ, ਸਿੱਖ ਧਰਮ ਦਾ ਫ਼ਲਸਫ਼ਾ ਕੀ ਹੈ ?

ਮੈਂ ਅਰਜ਼ ਕੀਤੀ, ਸਿੱਖ ਧਰਮ ਤਾਂ ਅਕੀਦਾ ਹੈ, ਭਰੋਸਾ ਹੈ, ਆਪਣੇ ਗੁਰੂ ਤੇ, ਗੁਰਬਾਣੀ ਤੇ ਜਿਸ ਦੇ ਖਿੱਤੇ ਵਿਚ ਸਾਰਾ ਬ੍ਰਹਮਾਂਡ ਸਮਾਇਆ ਹੋਇਆ ਹੈ। ਹਾਂ, ਇਹ ਗੱਲ ਵੱਖਰੀ ਹੈ ਕਿ ਉਸ ਅਕੀਦੇ 'ਚੋਂ ਕਈ ਫ਼ਲਸਫ਼ੇ ਪ੍ਰਗਟ ਹੋ ਗਏ। ਦੁਨੀਆਂ ਦਾ ਕੋਈ ਧਰਮ ਫ਼ਸਲਫ਼ਾ ਐਸਾ ਨਹੀਂ, ਜਿਸ ਦੀ ਖ਼ੁਸ਼ਬੋ ਸਿੱਖ ਧਰਮ ਵਿਚਾਰਧਾਰਾ 'ਚੋਂ ਨਾ ਆਉਂਦੀ ਹੋਵੇ। ਭਾਰਤੀ ਧਰਮ ਦਰਸ਼ਨ ਦੇ ਮੁੱਖ 6 ਦਰਸ਼ਨ ਹਨ।

1. ਨਿਆਇਕ ਦਰਸ਼ਨ, ਮਹਾਂਰਿਸ਼ੀ ਗੌਤਮ ਨੇ ਦਿੱਤਾ। ਇਹ ਦਰਸ਼ਨ ਮੁੱਖ ਰੂਪ ਵਿੱਚ ਸਹਾਰੇ ਜਾਂ ਸਹਾਇਕ ਦੀ ਗੱਲ ਕਰਦਾ ਹੈ। ਸਿੱਖ ਧਰਮ ਉਹ ਸਹਾਰਾ, ਉਹ ਆਤਮ ਮਾਰਗ ਦਰਸ਼ਕ, 'ਗੁਰੂ' ਦੀ ਗੱਲ ਕਰਦਾ ਹੈ। ਗੁਰੂ ਹੀ ਆਤਮਾ- ਪ੍ਰਮਾਤਮਾ ਦਾ ਮਿਲਨ ਕਰਵਾਉਂਦਾ ਹੈ, ਗੁਰੂ ਹੀ ਮੋਖ ਦਾ ਦਾਤਾ ਹੈ—

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥

2. ਵੈਸ਼ੈਸਿਕ ਦਰਸ਼ਨ, ਮਹਾਂਰਿਸ਼ੀ ਕੁਨਾਦ ਨੇ ਪ੍ਰਕਾਸ਼ਿਤ ਕੀਤਾ। ਇਹ ਦਰਸ਼ਨ, ਪ੍ਰਭੂ ਮਿਲਣ ਲਈ ਜਗਿਆਸਾ, ਡੂੰਘੀ ਤਾਂਘ ਦੀ ਗੱਲ ਕਰਦਾ ਹੈ। ਗੁਰੂ ਨਾਨਕ ਪਾਤਸ਼ਾਹ, ਰਾਮਕਲੀ ਰਾਗ ਵਿਚ ਕਹਿੰਦੇ ਹਨ–

ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ
ਦਰਾ ਭੀਤਰਿ ਦਰੁ ਕਵਨੁ ਲਹੈ॥
ਜਿਸੁ ਦਰ ਕਾਰਣਿ ਫਿਰਾ ਉਦਾਸੀ
ਸੋ ਦਰੁ ਕੋਈ ਆਇ ਕਹੈ॥

3. ਸਾਖਯ ਦਰਸ਼ਨ, ਮਹਾਂਰਿਸ਼ੀ ਕਪਿਲ ਨੇ ਦਿੱਤਾ। ਇਹ ਦਰਸ਼ਨ, ਸ੍ਰਿਸ਼ਟੀ ਨੂੰ ਦੋ ਭਾਗ ਵਿਚ ਵੇਖਦਾ ਹੈ। ਇਕ ਪ੍ਰਕ੍ਰਿਤੀ ਹੈ। ਇਹ ਜੋ ਦੇਹ ਮਨੁੱਖ ਦੀ ਦਿਸਦੀ ਹੈ ਅਤੇ ਦੂਜਾ ਪੁਰਖ ਹੈ, ਜੋ ਜੀਵਾਤਮਾ ਵਾਂਗ ਅਦਿੱਖ ਹੈ। ਪਰਮਾਤਮਾ ਪੁਰਖ ਹੈ, ਉਸ ਨੂੰ ਜਾਣਨਾ ਜ਼ਰੂਰੀ ਹੈ। ਪੰਜਵੇਂ ਪਾਤਸ਼ਾਹ 'ਸੁਖਮਨੀ' ਵਿਚ ਦੱਸਦੇ ਹਨ–

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥

**ਬਾਕੀ ਸਫਾ ਨੰ. 34 'ਤੇ**

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

'ਮੈ ਬਉਰੀ ਮੇਰਾ ਰਾਮ ਭਤਾਰ' ਸ਼ਬਦਾਨੰਦ ਵਿੱਚ ਦੋ ਮਸਤਾਨੇ ਮੈਦਾਨ ਵਿੱਚ ਆ ਗਏ। 7.10 ਤੇ ਆਉਣ ਵਾਲੇ ਰਾਸ਼ਟਰਪਤੀ ਜੀ ਦੀਵਾਨ ਵਿੱਚ 7.35 ਤੇ ਪਧਾਰੇ। ਉਹਨਾਂ ਦੀ ਅਗਵਾਈ ਰਾਜ ਸਭਾ ਦੇ ਮੈਂਬਰ ਸ. ਹਰਵਿੰਦਰ ਸਿੰਘ ਹੰਸਪਾਲ ਅਤੇ ਸਰਦਾਰ ਸੁਲੱਖਣ ਸਿੰਘ ਦਿੱਲੀ ਮੈਟਰੋਪਾਲੀਟਨ ਕੌਂਸਲਰ ਕਰ ਰਹੇ ਸਨ। ਪਹਿਲਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਫਿਰ ਸਤਿਗੁਰੂ ਜੀ ਨੂੰ ਨਮਸਕਾਰ ਕਰ ਆਪ ਜੀ ਦੇ ਖੱਬੇ ਮੋਢੇ ਵੱਲ ਬੈਠ ਗਏ। ਰਾਸ਼ਟਰਪਤੀ ਜੀ ਦੇ ਨਿਜੀ ਫੋਟੋ ਗ੍ਰਾਫਰ ਲਾਂਗਮੈਨ ਨੇ ਸਤਿਗੁਰੂ ਜੀ, ਰਾਸ਼ਟਰਪਤੀ ਜੀ ਅਤੇ ਸੰਗਤ ਦੀ ਫੋਟੋਗ੍ਰਾਫੀ ਕੀਤੀ।

ਰਾਸ਼ਟਰਪਤੀ ਜੀ ਸਫੇਦ ਪਗੜੀ, ਸਫੇਦ ਅਚਕਨ-ਪਜਾਮਾ, ਅਚਕਨ ਦੇ ਬਦਨ ਹੋਲ ਵਿੱਚ ਲਾਲ ਗੁਲਾਬ, ਦਾੜੀ ਬੱਝੀ ਹੋਈ ਤੇ ਕਾਲੀ ਕੀਤੀ ਹੋਈ। ਬਣਾਉਟੀ ਦੰਦਾਂ ਤੇ ਕਾਲੀ ਕੀਤੀ ਹੋਈ ਦਾੜੀ ਨੇ ਰਾਸ਼ਟਰਪਤੀ ਜੀ ਨੂੰ 70-72 ਹੋਣ ਤੇ ਵੀ ਜੁਆਨੀ ਦੀ ਝਲਕ ਬਖਸ਼ੀ ਹੋਈ ਹੈ। ਗਿਆਨੀ ਜੀ ਦੇ ਨਾਲ ਉਹਨਾਂ ਦੀ ਪੁੱਤਰੀ ਡਾ. ਅਜੀਤ ਕੋਰ ਵੀ ਆਏ ਹੋਏ ਹਨ। ਉਹ ਸਤਿਗੁਰੂ ਜੀ ਨੂੰ ਮੱਥਾ ਟੇਕ ਬੀਬਆਂ ਵਿੱਚ ਮੂਹਰੇ ਜਾ ਬੈਠੇ ਹਨ। ਸਾਧ ਸੰਗਤ ਦੀਆਂ ਉਤਸੁਕ ਅੱਖਾਂ ਅਤੇ ਕੰਨ ਕੇਂਦਰ ਵੱਲ ਸੇਧਿਤ ਹਨ।ਪੂਰਬਾ ਨੇ 7.40 ਤੇ ਦੂਜੀ ਅਰਦਾਸ ਕਰ ਦਿੱਤੀ ਹੈ ਭੈਰਵੀ ਦੀ ਚੌਕੀਂ ਦੀ ਸਮਾਪਤੀ ਦੀ। ਸੰਤ ਅਜੀਤ ਸਿੰਘ ਨੂੰ ਮਾਣ ਦੇਣ ਲਈ ਰਾਸ਼ਟਰ ਪਤੀ ਜੀ ਆਏ ਹਨ। ਉਹਨਾਂ ਦੇ ਹਜ਼ੂਰੀ ਸੇਵਕ ਗੇਂਦਿਆਂ, ਗੁਲਾਬਾਂ ਦੇ ਹਾਰ ਲਿਆਏ ਹਨ। ਪਰ ਅੱਠ ਜੋੜਿਆਂ ਵਿੱਚੋਂ ਕੇਵਲ ਇੱਕੋ ਜੋੜੇ ਨੂੰ ਹੀ ਗਿਆਨੀ ਜੀ ਤੋਂ ਫੁੱਲ ਹਾਰ ਪ੍ਰਾਪਤੀ ਦਾ ਮਾਣ ਕਿਉਂ ਮਿਲੇ? ਦੂਜੇ ਕੀ ਮਹਿਸੂਸ ਕਰਨਗੇ। ਸੋ ਪੁਸ਼ਪ ਹਾਰ ਸਵੀਕਾਰ ਕਰਨ ਲਈ ਪਹਿਲਾ ਜੋੜਾ ਅਜੀਤ ਸਿੰਘ ਦੀ ਪੁੱਤਰੀ ਜਸਬੀਰ ਕੌਰ ਅਤੇ ਮਹਿੰਦਰ ਸਿੰਘ ਦੇ ਲੜਕੇ ਰਾਜਿੰਦਰ ਸਿੰਘ ਉੱਠਕੇ ਆਏ। ਫਿਰ ਦੂਜੇ ਜੋੜਿਆਂ ਨੂੰ ਵੀ ਇਹ ਸੁਭਾਗ ਪ੍ਰਾਪਤ ਹੋਇਆ। ਅੱਜ ਸੰਤ ਗੁਰਚਰਨ ਸਿੰਘ ਰਮੇਸ਼ ਨਗਰ ਦੀ ਪੋਤਰੀ ਦਾ ਵੀ ਵਿਆਹ ਹੋਇਆ ਹੈ। ਸ਼ਹੀਦ ਬਿਸ਼ਨ ਸਿੰਘ ਸਕੂਲ ਦਾ ਇੱਕ ਕਾਰਜ ਕਰਨਾ ਹੈ। ਸਾਰੇ ਜੋੜੇ ਪੁਸ਼ਪ ਬਹਾਰਾਂ ਨਾਲ ਵਿਭੂਸ਼ਤ ਹੋ ਗਏ ਤਾਂ ਸੱਚੇ ਪਾਤਸ਼ਾਹ ਜੀ ਨੇ ਵਿਦਿਅਕ ਜੱਥਾ ਦਿੱਲੀ ਦੇ ਆਗੂਆਂ ਰਾਮ ਰਤਨ ਸਿੰਘ ਅਤੇ ਸ. ਭੁਪਿੰਦਰ ਸਿੰਘ ਸਿੰਘ ਭੁਰਜੀ ਨੂੰ ਰਾਸ਼ਟਰਪਤੀ ਜੀ ਨਾਲ ਜਾਣੂ ਕਰਵਾਉਣ ਦਾ ਸੁਅਵਸਰ ਪੈਦਾ ਕੀਤਾ। ਦੱਸਿਆ ਕਿ ਕਿਵੇਂ ਇਹ ਪ੍ਰਧਾਨ ਸਕੱਤਰ ਨਾਮਧਾਰੀ ਜਵਾਨਾਂ ਨੂੰ ਦਿੱਲੀ ਵਿੱਚ ਇੱਕ ਸੂਤ ਪਰੋਈ ਰੱਖ ਰਹੇ ਹਨ।

7. 50 ਤੇ ਹਰਵਿੰਦਰ ਸਿੰਘ ਹੰਸਪਾਲ ਨੇ ਮੰਚ ਤੇ ਮਾਈਕ ਸੰਭਾਲਦਿਆਂ ਸੰਖੇਪ ਵਿੱਚ ਨਾਮਧਾਰੀ ਆਨੰਦ ਮਰਿਯਾਦਾ ਦਾ ਆਰੰਭ ਤੇ ਉਸਦੀ ਸ਼ਤਾਬਦੀ ਦਾ ਜ਼ਿਕਰ ਕਰਕੇ ਨਾਮਧਾਰੀ ਸੰਗਤ ਵਲੋਂ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਨੂੰ ਜੀਉ ਆਇਆਂ ਆਖਿਆ। ਉਪਰੰਤ ਪਹਿਲੇ ਵਕਤਾ ਸ੍ਰੀ ਦਸ਼ਰਥ ਨੋਇਆ ਨੈਸ਼ਨਲ ਪ੍ਰੋਫੈਸਰ ਨੂੰ ਮਾਈਕ ਤੇ ਉਪਸਥਿਤ ਹੋਣ ਲਈ ਕਿਹਾ ਗਿਆ। ਇਸ ਬਿਰਧ ਵਿਦਵਾਨ ਨੇ ਇੱਕ ਸੰਸਕ੍ਰਿਤ ਸਲੋਕ ਸੁਣਾ ਕੇ ਦੱਸਿਆ ਕਿ ਵੇਦਾਂ ਦੇ ਸਮੇਂ ਸਾਰੇ ਦੇਵਤਿਆਂ ਨੂੰ ਆਸ਼ੀਰਵਾਦ ਸਮੇਂ ਬੇਨਤੀ ਕੀਤੀ ਜਾਂਦੀ ਸੀ ਕਿ ਉਹ ਵਿਵਾਹਤ ਜੋੜੇ ਨੂੰ ਸੰਸਾਰ ਦੇ ਕਲਿਆਣ ਹਿਤ ਕਾਰਜ ਕਰਨ ਲਈ ਬਲ ਬੁੱਧੀ ਅਤੇ ਸੁਮੱਤ ਦੇਣ। ਫਿਰ ਡਾ. ਮੁਹੰਮਦ ਯੂਨਿਸ ਜੋ ਜ਼ਾਕਿਰ ਹੁਸੈਨ ਕਾਲਜ ਦੇ ਪ੍ਰੋਫੈਸਰ ਹਨ ਨੇ ਆਪਣੀ ਲਿਖਤੀ ਭਾਸ਼ਣ ਸਮੇਂ ਸਾਹਿਬ ਇਕਬਾਲ ਸ੍ਰੀ ਸਤਿਗੁਰੂ ਜੀ , ਰਾਸ਼ਟਰ ਪਤੀ ਅਤੇ ਸ. ਅਜੀਤ ਸਿੰਘ ਦੇ ਵਿਸ਼ੇਸ਼ਣਾਂ ਭਰੇ ਸੰਬੋਧਨਾਂ ਨਾਲ ਸਤਿਕਾਰ ਕਰ ਮੁਬਾਰਕ ਦਿੱਤੀ ਅਤੇ ਜਸਬੀਰ- ਰਾਜਿੰਦਰ ਦਾ ਖਾਸ ਨਾਂ ਲੈ ਕੇ ਦੂਜੇ ਜੋੜਿਆ ਨੂੰ ਆਸ਼ੀਰਵਾਦ ਦਿੱਤਾ। ਉਹ ਹੈਰਾਨ ਸਨ

ਕਿ ਫਿਲਮਾਂ ਵਾਲੇ ਅਜਿਹੇ ਸਾਦੇ ਆਨੰਦ ਕਾਰਜਾਂ ਨੂੰ ਕਿਉਂ ਨਹੀਂ ਪ੍ਰੋਡਿਊਸ ਕਰਦੇ। ਹੁਣ ਵਾਰੀ ਆਈ ਸ੍ਰੀ ਮਹਿੰਦਰ ਕੁਮਾਰ ਜੈਨ ਮੁਨੀ ਦੀ ਜੋ ਪ੍ਰਤੀਨਿਧਤਾ ਕਰ ਰਹੇ ਸਨ ਆਚਰਯਾ ਤੁਲਸੀ ਜੈਨ ਸਭਾ ਦੀ। ਸ੍ਰੀ ਸਤਿਗੁਰੂ ਜੀ ਨੂੰ ਵੰਦਨਾ ਕਰਕੇ, ਪੱਟੀ ਬੱਧੇ ਮੂੰਹ ਦੁਆਰਾ ਆਪਣੇ ਧਰਮ ਗ੍ਰੰਥਾਂ ਦੇ ਸ਼ਲੋਕ ਪੜ੍ਹਕੇ ਮੰਗਲ ਕਾਮਨਾਵਾਂ ਦਿੱਤੀਆਂ ਸਾਰੇ ਜੋੜਿਆਂ ਨੂੰ ਵਿਸ਼ੇਸ਼ ਕਰ ਅਜੀਤ ਸਿੰਘ-ਮਹਿੰਦਰ ਸਿੰਘ ਦੇ ਬੱਚਿਆਂ ਨੂੰ। ਉਹਨਾਂ ਦੀ ਕਾਮਨਾ ਸੀ ਕਿ ਸਾਰੇ ਧਰਮਾਂ ਦੇ ਲੋਕ ਪਰਸਪਰ ਸਨੇਹ ਵਿੱਚ ਬੱਧੇ ਸਦ- ਭਾਵਨਾ, ਸੁੱਖ ਅਤੇ ਸਮ੍ਰਿਧੀ ਵਾਲੇ ਹੋਣ। ਫਿਰ ਬੋਲੇ ਨੌਜਵਾਨ ਮੌਲਾਨਾ ਮੁਫਤੀ ਮੁਹੰਮਦ ਮੁਹਤ੍ਰਮ। ਇਹ ਵਿਸ਼ੇਸ਼ ਚੋਲੇ ਵਿੱਚ ਸਨ ਜਿਸ ਨਾਲ ਇਹਨਾਂ ਦੀ ਸਖਸ਼ੀਅਤ ਵਿਸ਼ੇਸ਼ ਨਿਖਰੀ ਹੋਈ ਸੀ। ਇਹਨਾਂ ਨੇ ਕੁਰਾਨ ਦੀਆਂ ਕੁਝ ਆਇਤਾਂ ਦਾ ਪਾਠ ਕਰਕੇ ਆਖਿਆ- 'ਅੱਜ ਜੁ ਮੈਂ ਇਹ ਅੱਠ ਸ਼ਾਦੀਆਂ ਵੇਖੀਆਂ ਹਨ ਐਸੀਆਂ ਕਦੇ ਨਹੀਂ ਵੇਖੀਆਂ। ਨਿਰਲੋਭ ਸ਼ਾਦੀ ਹੀ ਸੁਖੀ ਗ੍ਰਿਹਸਤੀ ਜੀਵਨ ਦੀ ਨਿਸ਼ਾਨੀ ਹੈ। ਸ. ਅਜੀਤ ਸਿੰਘ ਉੱਚ ਕੋਟੀ ਦੇ ਸਕਾਲਰ ਹਨ। ਇਹਨਾਂ ਦੀ ਪੁੱਤਰੀ ਜਸਬੀਰ ਕੌਰ ਅਤੇ ਮਹਿੰਦਰ ਸਿੰਘ ਜੀ ਦੇ ਸਪੁੱਤਰ ਰਾਜਿੰਦਰ ਸਿੰਘ ਨੂੰ ਸ਼ਾਦੀ ਮੁਬਾਰਕ ਹੋਵੇ। ਇੰਜ ਹੀ ਬਾਕੀ ਜੋੜਿਆਂ ਨੂੰ ਸ਼ਾਦੀ ਮੁਬਾਰਕ ਹੋਵੇ। ਸਾਰੇ ਗ੍ਰਿਹਸਤੀਆਂ ਨੂੰ ਇਹ ਸ਼ਾਦੀਆਂ ਦੇਖ ਸਿੱਖਿਆ ਲੈਣੀ ਚਾਹੀਦੀ ਹੈ। ਗੁਰੂ ਜੀ ਦੀ ਸਰਪ੍ਰਸਤੀ ਵਿੱਚ ਇਹਨਾਂ ਸਾਦਾ, ਸਤੀਆਂ ਤੇ ਪੁਰ ਹੁਲਾਸ ਸ਼ਾਦੀਆਂ ਹੋਣਾ ਸ਼੍ਰੇਸ਼ਟ ਉੱਦਮ ਹੈ। ਦੁਆ ਕਰਦਾ ਹਾਂ ਕਿ ਸਾਰੇ ਜੋੜੇ ਖੁਸ਼ੀ ਰਹਿਣ। ਖੁਸ਼ੀ ਅਤੇ ਮੁਹੱਬਤ ਦਾ ਜ਼ਜ਼ਬਾ ਇਹਨਾਂ ਦੇ ਅੰਦਰ ਪ੍ਰਫੁਲੱਤ ਹੋਵੇ।

ਸ੍ਰੀ ਸਤਿਗੁਰੂ ਜੀ ਦੇ ਸੁਝਾਅ ਅਤੇ ਹੰਸਪਾਲ ਜੀ ਨੇ ਨਾਮਧਾਰੀ ਵਿਆਹ ਬਿਨਾ ਫੇਰਿਆਂ ਤੋਂ ਹੋਰ ਕਿਸੇ ਵੀ ਰਸਮ ਦੀ ਅਣਹੋਂਦ ਦੱਸੀ। ਤਦ ਉਪਰੰਤ ਸੰਤ ਅਜੀਤ ਸਿੰਘ ਜੋ ਸਾਦੇ ਕੁੜਤੇ ਪਜਾਮੇ ਅਤੇ ਸਿੱਧੀ ਦਸਤਾਰ ਵਿੱਚ ਸਨ, ਉਹਨਾਂ ਨੇ ਉਰਦੂ ਜ਼ੁਬਾਨ ਵਿੱਚ ਹੀ ਸ੍ਰੀ ਸਤਿਗੁਰੂ ਜੀ ਦਾ, ਰਾਸ਼ਟਰਪਤੀ ਜੀ ਦਾ ਅਤੇ ਹੋਰ ਆਪਣੇ ਵਿਦਵਾਨਾਂ ਤੇ ਸੰਗਤ ਦਾ ਧੰਨਵਾਦ ਕੀਤਾ। ਰਾਸ਼ਟਰਪਤੀ ਜੀ ਜਿੰਨ੍ਹਾਂ ਨੂੰ ਅਜਿਹੇ ਧਾਰਮਿਕ ਫੰਕਸ਼ਨਾਂ ਤੇ ਬਹੁਤਾ ਬੋਲਣਾ ਆਉਂਦਾ ਹੈ। ਕਿਸੇ ਮਸਲਹਿਤ ਨਹੀਂ ਬੋਲਦੇ।

8.15 ਤੇ ਸ੍ਰੀ ਸਤਿਗੁਰੂ ਜੀ ਨੇ ਪ੍ਰਵਚਨ ਕੀਤਾ- 'ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਅਤੇ ਕੌਮ ਦਾ ਉਧਾਰ ਤਾਂ ਕੀਤਾ ਹੀ ਪਰ ਉਹਨਾਂ ਸਾਡਾ ਭਰਮ ਗੜ ਤੋੜਨ ਦੀ ਵੀ ਕਿਰਪਾ ਕੀਤੀ। (ਸਾਡੇ ਵਕਤਾਵਾਂ ਦੀ ਕਿਸੇ ਨਾ ਕਿਸੇ ਖੂਬੀ ਨੂੰ ਕਹਿ ਪ੍ਰਸ਼ੰਸ਼ਾ ਕੀਤੀ ਜਿਵੇਂ ਪ੍ਰੋ. ਦਸ਼ਰਥ ਭਾਰਤੀ ਸਕਲੋਂ ਸੂਰਤ ਦੀ ਪ੍ਰਤੀਨਿਧਤਾ ਕਰਦੇ ਹਨ। ਡਾ. ਮੁਹੰਮਦ ਯੂਨਿਸ ਉੱਤੇ ਲੰਮੇ ਤੇ ਸੁਅੱਸ਼ ਭਾਵਨਾਵਾਂ ਵਾਲੇ ਆਦਿ ਹਨ) ਪਿੰਡ ਦਾ ਲੜਕਾ ਅਜੀਤ ਸਿੰਘ ਆਪਣੇ ਗੁਣ ਅਤੇ ਵਿੱਦਿਆ ਨਾਲ ਰਾਸ਼ਟਰਪਤੀ ਜੀ ਦੇ ਨੇੜੇ ਜਾ ਪਹੁੰਚਾ ਹੈ। ਗਿਆਨੀ ਜੀ ਵੀ ਗੁਣਕਾਰੀ ਹਨ।

Be it known, then, to you, that, in the year 1847 during the reign of MaharajaDuleep Singh, when the government was being carried on through a Council of native gentlemen, called Sikh Darbar, the Governor-General issued orders altogether prohibiting the slaughter of kineinthe city of Amritsar.But as soon as the Punjab passed by conquest into the hands of the British Government, the Governor-General, in his Secretary's letter No. 175, dated 25th April 1849, approving of the instructions issued by the Board of Administration, modified the former orders, and declared that for the future "no one should be allowed to interfere with the practice by his neighbour of customs which that neighbour's religion permits." The Board of Administration, through its secretary, had written that the prohibition, which had formerly been maintained solely out of deference to a Sikh sovereign, must now be removed, and added that in every large town a spot for the shambles and butcher's shops should be appointed, but that particular care should be taken not to select the neigh bourhood of any Hindoo religious building; that on no account should beef be exposed for sale in shops within the towns, although slaughtered outside, and Mussulmans should be severely punished for ostentatiously parading what they know would offend to the Hindoo neighbours.

These orders were carried out here by Mr. C. Saunders in 1849, and in consultation with Rai Tukht Mull and other HindooPunches of the city, he selected a shop at a distance from the city, and caused an enclosure to be erected there, and inorder not to offend the prejudices of the Hindoos forbade the sale of the flesh of kinein the city in shops and in an open manner. From that day to this the same system has continued. On one or two

occasions slight disturbances have taken place, but they have invariably been disposed of in accordance with the rules originally promulgated.

The same system will continue for the future, but under proper control and supervision - that is to say, the flesh of kine will not be allowed to be sold openly in the public places like other commodities. But if anyone brings it into the city decorously covered up in large or small quantities, he is at liberty so to do. Recognizances have been taken from the butchers that these regulations shall in no way be infringed.

And now, Sirdars, Raieeses, Punches, *Meer Mohullahs*, &c., I call upon you to exert your influence to induce the people generally to abandon all vain imaginings, useless discussions, and designs at variance with the settled policy of Government, which is to leave to all the unrestricted exercise of their own religion, and not to permit any man to interfere with others in the observance of such forms and customs as their respective religions either enjoin or permit. Neither will the Mahomedan be allowed, to interfere with the Hindoo, nor the Hindoo with the Mahomedan;for the future all should live together, as they have hitherto done, as one brotherhood *(bhyachara*).

The city of Amritsar is celebrated as the religious capital of the Punjab, and its fame as a centre spot of trade has reached to the four corners of the world.Its inhabitants have always borne a good name, and the services rendered by its citizens have been repeatedly acknowledged by Government; at annexation, and again in 1857, the Punches and Raieeses of the town, for their services to the state, obtained rewards in the shape of khilutsand honorary titles. They have thus, year by year, rising higher and higher in the estimation of the Government, and have been more honored by it. More lately the leading men of the city have been selected to fill the responsible post of Honorary Magistrate, and others that of members of the Municipal Committee; and the management of the affairs of the city has been carried on with their counsel and assistance. It would indeed be matter for regret if, not with standing all this, the city should lose its good name owing to the designs of a few thoughtless and short-sighted persons and all for a matter which has really nothing in it; for I feel sure that what has happened has been due to the designs of such men alone, and that the inhabitants of the city, as a whole, have no part in it. I trust, therefore, that you, the leading men of the city, will admonish all with whom you have any influence to be very careful for the future to avoid anything that may injuriously affect the fair fame of your city. I give this advice to you as your friend, and not asyour hakim; for it is needless to tell you what the laws are, and what punishment those will receive who infringe them.

In conclusion, I address myself specially to you, Native Members of the Municipal Committee as the guardians of the city, to each of whom a portion of the city has been divided off, and I ask you to look well

after your charges, and not to allow anything like disturbance to arise within them.Should anything of the kind unfortunately occur, it will be your business to discover those who are excitingdisaffection, and report the offenders for the orders of Deputy Commissioner.

***

Telegram dated 15th June 1871

From – Major F.M. Birch, Deputy Commissioner, Amritsar.

To – The Offg. Secretary to Government, Punjab.

Four butchers were murdered last night by Nihangs. Measures for apprehension taken.

***

Public Telegram dated 15th June 1871

From – Lieutenant-Colonel G. Hutchinson, CSI, Inspector-

General of Police, Punjab

To – The Offg. Secretary to Government, Punjab.

Four Mahomedans murdered, and three wounded, at Amritsar slaughter house during the night.Wounded men accuse Nihangs. Garments found on spot. I have offered a reward of Rs. 1000, and ordered Colonel Baillie to inquire.

***

No. 228-1/2-835A, -38 S., dated 15th June 1871

From – Lepel H. Griffen, Esq., Offg. Secretary to Government, Punjab.

To – The Secretary to Government of India, Foreign. Department.

I am desired by the Hon'ble the Lieutenant-Governor to forward,for the information of his Excellency the Viceroy and Governor-General in Council,copies of two telegrams reporting the murder of four Mahomedans, and the wounding of three more inthe slaughterhouse at Amritsar.

***

No.39S, dated 15thJune, 1871

From – Major F.M. Birch, Deputy Commissioner, Amritsar.

To – The Offg. Superintendent, Amritsar Division.

It is now exactly a month since I last had the honor to address you on the subject of the disturbed feeling between Hindoos and Mahomedans of this place. Your presence on the 20th ultimo rendered unnecessary any further written reports, and up to the fourth instant - the date of your departure, affairs were conducted under your immediate supervision.The events of the fifteen days from 20th May to 4th June may be briefly recapitulated as follows:

On the 22nd May the Municipal Committee decided to maintain the slaughterhouse contract intact. The Board of Honorary Magistrates fulfilled the expectations formed ofthem, and convicted seven Hindoos of being concerned in the disturbance, which occurred between the night of the 8th and morning of the 9thMay.On appeal before me, their decision was upheld, except in one instance in which I was obliged to quit.The case of The Crown versus Deva Singh, the Sikh, who had taken a beef bone into the temple, to which the reference was made inmy first letter, dated 8th May, resulted in conviction and a sentence of three years

imprisonment.The good service rendered by Sardar Mungul Singh came out conspicuously in this matter, as it was by his orders that the fanatic was at once arrested andmadeover to the police.My decision in the case of the butchers who were imprisoned on the 4th May, which was also reported in my letter of the 8th idem, was as you will remember, not upheld by you in appeal, and both were released.

to be continued

## ਸਿੱਖ ਧਰਮ ਦਰਸ਼ਨ

ਪ੍ਰਕ੍ਰਿਤੀ ਨੂੰ, ਸਿੱਖ ਫ਼ਲਸਫ਼ੇ ਵਿਚ ਧਨ ਜਾਂ ਦੇਹ ਕਿਹਾ ਹੈ ਅਤੇ ਪੁਰਖ ਨੂੰ ਜੀਵਾਤਮਾ ਰੂਪ ਸੰਬੋਧਿਤ ਕੀਤਾ ਹੈ-

ਧਨ ਪਿਰ ਏਕੈ ਸੰਗਿ ਬਸੇਰਾ॥
ਸੇਜ ਏਕ ਪੈ ਮਿਲਨੁ ਦੁਹੇਰਾ॥

ਧਨ ਅਤੇ ਪਿਰ, ਪ੍ਰਕ੍ਰਿਤੀ ਅਤੇ ਪੁਰਖ ਇਕ ਸੇਜ 'ਤੇ, ਇਕੋ ਦੇਹ ਪਿੰਡ ਵਿਚ ਰਹਿੰਦੇ ਹਨ, ਪਰ ਮਿਲਣਾ ਦੁਸ਼ਵਾਰ ਹੈ। ਦੋਹਾਂ ਦੇ ਵਿਚ ਇਕ ਅਦਿੱਖ ਜਿਹੀ ਦੀਵਾਰ ਹੈ, ਭੀਤ ਹੈ। ਉਹ ਭੀਤ 'ਹਉਮੈ' ਦੀ ਹੈ। ਮੇਰਾ ਸਰੀਰ, ਮੇਰਾ ਨਾਮ, ਮੇਰੀ ਹਸਤੀ ਅੰਦਰ ਕਦੇ ਝਾਤ ਨਹੀਂ ਪਈ। ਸਤਿਗੁਰ ਕਹਿੰਦੇ ਨੇ-

ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥

4. ਯੋਗ ਦਰਸ਼ਨ, ਮਹਾਂਰਿਸ਼ੀ ਪਤੰਜਲੀ ਜੀ, ਬ੍ਰਹਮ ਮਿਲਣ ਦੀ ਜੁਗਤਿ ਦੱਸਦੇ ਹਨ। ਸਿੱਖ ਧਰਮ ਫ਼ਲਸਫ਼ਾ, ਹਰ ਪਲ, ਹਰ ਖਿਣ, ਮਿਲਣ ਦਾ ਸੰਕਲਪ ਦੱਸਦਾ

ਕਵਨ ਸੰਜੋਗ ਮਿਲਉ ਪ੍ਰਭ ਅਪਨੇ॥
ਪਲੁ ਪਲੁ ਨਿਮਖ ਸਦਾ ਹਰਿ ਜਪਨੇ॥

5. ਮਿਮਾਂਸਾ ਦਰਸ਼ਨ, ਜੈਮਿਨੀ ਰਿਸ਼ੀ ਨੇ ਦਿੱਤਾ। ਇਹ ਅਨਿਸ਼ਵਰਵਾਦੀ ਦਰਸ਼ਨ ਵੀ ਕਿਹਾ ਜਾਂਦਾ ਹੈ। ਰਿਸ਼ੀ ਕਹਿੰਦਾ ਹੈ, ਸ਼ੁਭ ਕਰਮਾਂ ਬਾਝੋਂ ਗਤੀ ਨਹੀਂ। ਤੁਹਾਡੇ ਕਰਮਾਂ ਅਨੁਸਾਰ ਫ਼ੈਸਲਾ ਹੋਵੇਗਾ। ਗੁਰੂ ਨਾਨਕ ਪਾਤਸ਼ਾਹ 'ਜਪੁ ਜੀ' ਵਿਚ ਸਪੱਸ਼ਟ ਕਹਿੰਦੇ ਹਨ-

ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥

6. ਵੇਦਾਂਤ ਦਰਸ਼ਨ, ਮਹਾਂਰਿਸ਼ੀ ਬਾਦਰਾਇਣ ਬਿਆਸ ਜੀ ਨੇ ਪ੍ਰਕਾਸ਼ ਕੀਤਾ। ਇਸ ਦਰਸ਼ਨ ਦੇ ਤਿੰਨ ਖੰਡ ਹਨ, ਅਦਵੈਤ ਦਰਸ਼ਨ, ਜੋ ਆਦਿ ਸ਼ੰਕਰਾਚਾਰਿਆ ਨੇ ਦਿੱਤਾ। ਦਵੈਤ ਦਰਸ਼ਨ, ਸ੍ਰੀ ਮਾਧਵਾਚਾਰਿਆ ਨੇ ਦਿੱਤਾ ਅਤੇ ਵਸ਼ਿਸ਼ਠ ਅਦਵੈਤ ਜੋ ਰਾਮਾਨੁਜ ਆਚਾਰਿਆ ਨੇ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਇਨ੍ਹਾਂ ਤਿੰਨ ਮੱਤਾਂ ਨੂੰ ਪ੍ਰਕਾਸ਼ਤ ਕਰਦੇ ਹੋਏ ਅਨੇਕਾਂ 'ਮਹਾਂਵਾਕ ਹਨ'।

ਸੋ ਸਿੱਖ ਧਰਮ ਦਰਸ਼ਨ ਵਿਚ ਤਾਂ ਇਸਲਾਮ, ਈਸਾਈ ਜਾਂ ਯਹੂਦੀ ਮਤ ਭਗਵਾਨ ਬੁੱਧ ਦਾ ਅਸ਼ਟਾਂਗ ਮਾਰਗ ਜਾਂ ਭਗਵਾਨ ਮਹਾਂਵੀਰ ਦੀ ਅਹਿੰਸਾ, ਸਤਿਵਾਦਤ ਸ਼ੁੱਧਤਾ, ਸਾਰੇ ਧਰਮ ਦਰਸ਼ਨ, ਸਿੱਖ ਧਰਮ ਦਰਸ਼ਨ ਵਿਚ ਵਗਦੇ ਹੋਏ ਵੇਖੇ ਸਕਦੇ ਹਨ।

## The Musical Legacy.....

The growing participation of women in music education further reflects the community's evolving approach toward inclusivity without compromising spiritual or musical standards.

In a time of rapid digitization and cultural homogenization, the Namdhari approach provides a unique and timely example of how tradition can thrive without becoming static. Their music invites us to rethink not only how we listen, but why we listen and what it means to listen in a sacred context. It demonstrates that sound, when shaped by devotion and discipline, can transcend entertainment to become a form of lived theology.

The Namdhari Sikh musical tradition thus offers a valuable lens for understanding the broader intersections of religion, aesthetics, resistance, and identity in South Asian devotional culture.

# ਖ਼ਬਰਨਾਮਾ

## ਪਿੰਡ ਜੋੜਕੀਆਂ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਰਾਜਸਥਾਨ ਦੇ ਜ਼ਿਲ੍ਹਾ ਹਨੂੰਮਾਨਗੜ੍ਹ ਦੇ ਪਿੰਡ ਜੋੜਕੀਆਂ ਵਿਖੇ ਨਾਮਧਾਰੀ ਪਰਿਵਾਰਾਂ ਦੀ ਕਾਫੀ ਗਿਣਤੀ ਹੈ। ਤਕਰੀਬਨ ਸਾਰੇ ਪਰਿਵਾਰ ਹੀ ਖੇਤੀਬਾੜੀ ਕਿਤੇ ਨਾਲ ਸੰਬੰਧਿਤ ਹੋਣ ਕਰਕੇ ਕਿਰਤੀ ਅਤੇ ਮਿਹਨਤੀ ਹਨ। ਪਿਛਲੇ ਦਿਨੀ ਸਰਦਾਰ ਅਜਮੇਰ ਸਿੰਘ ਪੁੱਤਰ ਸ. ਦਲੀਪ ਸਿੰਘ ਜੀ ਚੜਾਈ ਕਰਨ ਉਪਰੰਤ ਉਹਨਾਂ ਦੇ ਸਮੁੱਚੇ ਪਰਿਵਾਰ ਵੱਲੋਂ ਅਰਜ ਬੇਨਤੀ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 6 ਮਈ 2025 ਦਿਨ ਮੰਗਲਵਾਰ ਨੂੰ ਪਿੰਡ ਜੋੜਕੀਆਂ ਵਿਖੇ ਸ. ਅਜਮੇਰ ਸਿੰਘ ਦੇ ਨਮਿੱਤ ਭੋਗ ਮੇਲੇ ਤੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਾਧ ਸੰਗਤ ਭੋਗ ਸਮਾਗਮ ਸਮੇਂ ਵੱਡੀ ਗਿਣਤੀ ਵਿੱਚ ਹਾਜ਼ਰ ਸੀ ਜਥੇ. ਸੁਰਜੀਤ ਸਿੰਘ ਮੁਸਤਫਾਪੁਰ ਤੇ ਜੋਗਾ ਸਿੰਘ ਭੰਗੂਰ ਦੇ ਦੀਵਾਨ ਸਜਾਉਣ ਉਪਰੰਤ ਜਦੋਂ ਸ੍ਰੀ ਸਤਿਗੁਰੂ ਜੀ ਨੇ ਪੰਡਾਲ ਵਿੱਚ ਦਰਸ਼ਨ ਦਿੱਤੇ ਸ੍ਰੀ ਸਤਿਗੁਰੂ ਜੀ ਦਾ ਹਜੂਰੀ ਰਾਗੀ ਜਥਾ ਰਾਗੀ ਹਰਬੰਸ ਸਿੰਘ ਘੁਲਾ, ਸਰਮੁੱਖ ਸਿੰਘ ਅਤੇ ਸ਼ਾਮ ਸਿੰਘ ਕੀਰਤਨ ਕਰ ਰਹੇ ਸਨ। ਸਾਧ ਸੰਗਤ ਨੇ ਸ਼ਰਧਾ ਸਤਿਕਾਰ ਸਹਿਤ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਪਾਵਨ ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜੂਰੀ ਵਿੱਚ ਪਾਇਆ ਗਿਆ। ਸ. ਅਜਮੇਰ ਸਿੰਘ ਦੇ ਸਪੁੱਤਰ ਸੂਬਾ ਗੁਰਜੰਟ ਸਿੰਘ, ਗੁਰਮੇਲ ਸਿੰਘ, ਰਾਣਾ ਸਿੰਘ, ਹਰਗੋਬਿੰਦ ਸਿੰਘ ਦੇ ਪਰਿਵਾਰ ਸਮੇਤ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਸ. ਭੁਪਿੰਦਰ ਸਿੰਘ ਜੋੜਕੀਆਂ ਨੇ ਇੱਕ ਕਵਿਤਾ ਪੜ੍ਹੀ ਅਤੇ ਸ. ਸੁਖਚੈਨ ਸਿੰਘ ਭੰਗੂਰ ਨੇ ਸ਼ਰਧਾਂਜਲੀ ਸ਼ਬਦ ਆਖੇ। ਸ੍ਰੀ ਸਤਿਗੁਰੂ ਜੀ ਨੇ ਜੋੜਕੀਆਂ ਦੇ ਆਪਣੇ ਇਸ ਦੌਰੇ ਸਮੇਂ ਹੇਠ ਲਿਖੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ- ਹਰਮੀਤ ਸਿੰਘ ਪੁੱਤਰ ਗੁਰੂਚਰਨ ਸਿੰਘ, ਗੁਰਲਾਲ ਸਿੰਘ ਪੁੱਤਰ ਗੁਰਬਖਸ਼ ਸਿੰਘ, ਮਨਦੀਪ ਸਿੰਘ ਪੁੱਤਰ ਨਛੱਤਰ ਸਿੰਘ, ਸੁਖਪਾਲ ਸਿੰਘ ਪੁੱਤਰ ਗੁਰਦਾਸ ਸਿੰਘ, ਮੇਲਾ ਸਿੰਘ ਪੁੱਤਰ ਗੁਰਸੇਵਕ ਸਿੰਘ, ਅਵਤਾਰ ਸਿੰਘ ਪੁੱਤਰ ਗੁਰਮੀਤ ਸਿੰਘ, ਹਰਦੀਪ ਸਿੰਘ ਪੁੱਤਰ ਰਣਧੀਰ ਸਿੰਘ, ਗੁਰਪ੍ਰੀਤ ਸਿੰਘ ਪੁੱਤਰ ਭੋਲਾ ਸਿੰਘ, ਬਲਤੇਜ ਸਿੰਘ ਪੁੱਤਰ ਗੁਰਚਰਨ ਸਿੰਘ, ਮਨਜੀਤ ਸਿੰਘ ਪੁੱਤਰ ਸੁਰਜੀਤ ਸਿੰਘ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੂੰ ਸੂਬਾ ਗੁਰਜੰਟ ਸਿੰਘ ਜੀ ਦੇ ਘਰ ਜਲ ਪਾਣੀ ਛਕਣ ਉਪਰੰਤ ਵਾਪਸ ਮਸਤਾਨਗੜ੍ਹ ਲਈ ਚਾਲੇ ਪਾਏ।

**ਸੂਬਾ ਬਲਿੰਦਰ ਸਿੰਘ ਝੱਲ**

..................................................

## ਪਿੰਡ ਰੋੜ੍ਹ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਜ਼ਿਲ੍ਹਾ ਲੁਧਿਆਣਾ ਵਿੱਚ ਸਤਲੁਜ ਦਰਿਆ ਦੇ ਕੰਢੇ ਵਸਿਆ ਪਿੰਡ ਹੈ ਰੋੜ੍ਹ, ਜਿੱਥੇ ਨਾਲ ਲੱਗਦੇ ਪਿੰਡ ਵਿੱਚ ਸੰਤ ਸਤਨਾਮ ਸਿੰਘ ਸਸਰਾਲੀ ਵਾਲਿਆਂ ਦਾ ਨਗਰ ਲੱਗਦਾ ਹੈ। ਇਸ ਇਲਾਕੇ ਵਿੱਚ ਨਾਮਧਾਰੀ ਸਿੱਖਾਂ ਦੀ ਕਾਫੀ ਗਿਣਤੀ ਮੌਜੂਦ ਹੈ। ਪਿਛਲੇ ਦਿਨੀ ਪਿੰਡ ਰੋੜ੍ਹ ਦੇ ਨਾਮਧਾਰੀ ਸਿੱਖ ਸ. ਚਰਨ ਸਿੰਘ ਪੁੱਤਰ ਸ. ਜੀਤਾ ਸਿੰਘ ਚੜਾਈ ਕਰ ਗਏ ਸਨ। ਪਰਿਵਾਰ ਵੱਲੋਂ ਅਰਜ ਬੇਨਤੀ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ ਮਿਤੀ 4 ਮਈ 2025 ਦਿਨ ਐਤਵਾਰ ਨੂੰ ਸ. ਚਰਨ ਸਿੰਘ ਦੇ ਭੋਗ ਸਮਾਗਮ ਅਤੇ ਅੰਤਿਮ ਅਰਦਾਸ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਦੇ ਹਜੂਰ ਜਥੇਦਾਰ ਹਰਪਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਦੀਵਾਨ ਸਜਾਇਆ ਅਤੇ ਸ. ਚਰਨ ਸਿੰਘ ਦੇ ਨਮਿੱਤ ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜੂਰੀ ਵਿੱਚ ਪਾਇਆ ਗਿਆ। ਦੀਵਾਨ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ. ਗੁਰਮੁਖ ਸਿੰਘ ਸਰਪੰਚ ਅਤੇ ਸ. ਪ੍ਰਹਿਲਾਦ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ ਤੇ ਵਾਪਸ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ।

**ਸੂਬਾ ਬਲਿੰਦਰ ਸਿੰਘ ਝੱਲ**

..................................................

## ਪਿੰਡ ਵਜੀਦਪੁਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਨਾਮਧਾਰੀ ਪੰਥ ਦੇ ਹਰਿ ਗੁਰਸਿੱਖ ਦੀ ਭਾਵਨਾ ਹੁੰਦੀ ਹੈ ਕਿ ਉਹਨਾਂ ਦਾ ਹਰ ਸਮਾਗਮ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਤੇ ਪ੍ਰਵਾਨਗੀ ਅਨੁਸਾਰ ਹੋਵੇ ਪਿੰਡ ਵਜੀਦਪੁਰ ਦੇ ਸ. ਸੁਬੇਗ ਸਿੰਘ ਜੀ ਧਰਮ ਪਤਨੀ ਬੀਬੀ ਕਰਤਾਰ ਕੌਰ ਦੀ ਇਹ ਚੜਾਈ ਕਰਨ ਉਪਰੰਤ ਪਰਿਵਾਰ ਦੀ ਭਾਵਨਾ ਸੀ ਕਿ ਬੀਬੀ

ਕਰਤਾਰ ਦਾ ਭੋਗ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਵਿੱਚ ਪਾਇਆ ਜਾਵੇ।

ਪਰਿਵਾਰ ਦੀ ਅਰਜ਼ ਪ੍ਰਵਾਨ ਹੋਈ ਅਤੇ ਸ਼੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 5 ਮਈ 2025 ਦਿਨ ਸੋਮਵਾਰ ਨੂੰ ਪਿੰਡ ਵਜੀਦਪੁਰ ਵਿਖੇ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਜੀ ਦੇ ਹਜੂਰ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਨੇ ਦੀਵਾਨ ਸਜਾਇਆ ਤੇ ਬੀਬੀ ਕਰਤਾਰ ਕੌਰ ਦੇ ਨਮਿਤ ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਪਾਇਆ ਗਿਆ। ਸ੍ਰੀ ਸਤਿਗੁਰੂ ਜੀ ਨੇ ਪ੍ਰਤਿਪਾਲ ਸਿੰਘ ਪੁੱਤਰ ਖਜਾਨ ਸਿੰਘ, ਜੈਨ ਸਿੰਘ ਪੁੱਤਰ ਸਾਧੂ ਸਿੰਘ, ਹਰਜਿੰਦਰ ਸਿੰਘ ਪੁੱਤਰ ਮਹਾਂ ਸਿੰਘ, ਗੁਰਦੀਪ ਸਿੰਘ ਪੁੱਤਰ ਜੀਵਨ ਸਿੰਘ, ਗੁਰਪ੍ਰੀਤ ਸਿੰਘ ਪੁੱਤਰ ਹਰੀ ਸਿੰਘ, ਬਲਵਿੰਦਰ ਸਿੰਘ ਪੁੱਤਰ ਗੁਰਭਜਨ ਸਿੰਘ, ਅਮਰੀਕ ਸਿੰਘ ਪੁੱਤਰ ਬਚਨ ਸਿੰਘ, ਸੂਰਤ ਸਿੰਘ ਪੁੱਤਰ ਸਿਆਮ ਸਿੰਘ, ਜੋਧ ਸਿੰਘ ਪੁੱਤਰ ਕੇਰ ਸਿੰਘ, ਗੁਰਚੈਨ ਸਿੰਘ ਪੁੱਤਰ ਕੇਰ ਸਿੰਘ, ਗੁਰਦੀਪ ਸਿੰਘ ਪੁੱਤਰ ਮੇਹਰ ਸਿੰਘ, ਬਸੰਤ ਸਿੰਘ ਪੁੱਤਰ ਬਲਬੀਰ ਸਿੰਘ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ।

**ਸੂਬਾ ਬਲਿੰਦਰ ਸਿੰਘ ਝੱਲ**

.......................................................

## ਕੌਮੀ ਸ਼ਹੀਦ ਸੂਬਾ ਸਾਹਿਬ ਸਿੰਘ ਜੀ ਦੀ ਯਾਦ ਵਿਚ ਮੇਲਾ

ਪਿੰਡ ਬਨਵਾਲੀਪੁਰ ਜ਼ਿਲਾ ਤਰਨ ਤਾਰਨ ਦੇ ਇਤਿਹਾਸ ਦੀ ਜੇ ਗੱਲ ਕਰੀਏ ਤਾਂ ਇਸ ਪਿੰਡ ਦੇ ਸੂਬਾ ਸਾਹਿਬ ਸਿੰਘ ਜੀ ਉਹ ਮਹਾਨ ਆਜ਼ਾਦੀ ਘੁਲਾਟੀਏ ਹਨ ਜਿੰਨਾ ਨੇ ਆਪਣੇ ਜੀਵਨ ਦਾ ਪਲ-ਪਲ ਅਤੇ ਮਨ ਦੀ ਹਰ ਭਾਵਨਾ ਨੂੰ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਕਰ ਦਿੱਤਾ। ਅੱਜ ਇਸ ਯੋਧੇ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਉਹਨਾਂ ਦੇ ਦਿਖਾਏ ਰਾਹਾਂ ਨੂੰ ਰੌਸ਼ਨ ਕਰੀਏ। ਇਹ ਯਾਦ ਰੱਖੀਏ-

"ਮਿਟ ਗਏ ਜੋ ਵਤਨ ਦੀ ਇੱਜ਼ਤ ਲਈ,
ਯਾਦ ਓਹਨਾਂ ਦੀ ਸਦਾ ਸੱਜਰੀ ਰਹੇ, ਮੱਘਦੀ ਰਹੇ"

10 ਜੂਨ 2025 ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਬਖਸ਼ਿਸ਼ ਨਾਲ ਪਿੰਡ ਬਨਵਾਲੀਪੁਰ (ਤਰਨ ਤਾਰਨ) ਵਿਖੇ ਸੂਬਾ ਸਾਹਿਬ ਸਿੰਘ ਜੀ ਦੀ ਯਾਦ ਵਿੱਚ ਮੇਲਾ ਮਨਾਇਆ ਗਿਆ। ਜਥੇ: ਨਿਸ਼ਾਨ ਸਿੰਘ ਜੀ ਦਿੱਲੀ ਵੱਲੋਂ ਆਪਣੇ ਜਥੇ ਸਮੇਤ ਦੀਵਾਨ ਸਜਾਇਆ ਅਤੇ ਸੂਬਾ ਸਾਹਿਬ ਸਿੰਘ ਜੀ ਦਾ ਇਤਿਹਾਸ ਉਹਨਾਂ ਨੇ ਬਹੁਤ ਹੀ ਵਿਸਥਾਰ ਨਾਲ ਸੰਗਤ ਨੂੰ ਜਾਣੂ ਕਰਵਾਇਆ। ਇਸ ਮੌਕੇ ਤੇ ਸੂਬਾ ਅਮਰੀਕ ਸਿੰਘ ਜੀ, ਸੂਬਾ ਸ਼ਾਮ ਸਿੰਘ ਜੀ (ਤਰਨ-ਤਾਰਨ), ਪ੍ਰਧਾਨ ਗੁਰਭੇਜ ਸਿੰਘ (ਤਰਨ-ਤਾਰਨ) ਸੰਤ ਰਵਿੰਦਰ ਸਿੰਘ ਜੌਹਲ ਜੀ, ਸਰਪੰਚ ਰਾਮ ਸਿੰਘ ਨਾਮਧਾਰੀ ਅਤੇ ਬਿਕਰਮ ਸਿੰਘ ਬਨਵਾਲੀਪੁਰ ਹਾਜ਼ਰ ਸਨ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਬਹੁਤ ਹੀ ਪਿਆਰੇ ਸਿੱਖ ਸੰਤ ਜਗਦੀਸ਼ ਸਿੰਘ ਜੀ (ਨਿਵਾਸ-ਸ੍ਰੀ ਭੈਣੀ ਸਾਹਿਬ) ਉਚੇਚੇ ਤੌਰ ਤੇ ਮੇਲੇ ਵਿੱਚ ਹਾਜ਼ਰ ਹੋਏ ਸਨ ਅਤੇ ਸੰਤ ਜਗਦੀਸ਼ ਸਿੰਘ ਜੀ ਨੇ ਸੂਬਾ ਸਾਹਿਬ ਸਿੰਘ ਜੀ ਦੀ ਇਤਿਹਾਸਿਕ ਜਗ੍ਹਾ ਹਜ਼ਾਰੀਬਾਗ ਵਿਖੇ ਕਈ ਸਾਲ ਸੇਵਾ ਕੀਤੀ। ਦੀਵਾਨ ਤੋਂ ਉਪਰੰਤ ਸੰਤ ਰਵਿੰਦਰ ਸਿੰਘ ਜੋਹਲ ਜੀ ਨੇ ਸੂਬਾ ਸਾਹਿਬ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਆਏ ਹੋਏ ਮੁੱਖ ਮਹਿਮਾਨਾਂ ਅਤੇ ਸੰਗਤ ਦਾ ਧੰਨਵਾਦ ਕੀਤਾ। ਅੰਤ ਵਿੱਚ ਸੂਬਾ ਅਮਰੀਕ ਸਿੰਘ ਜੀ ਨੇ ਸਮਾਗਮ ਦੀ ਸਮਾਪਤੀ ਦੀ ਅਰਦਾਸ ਕੀਤੀ ਅਤੇ ਗੁਰੂ ਕਾ ਲੰਗਰ ਅੱਤੁਟ ਵਰਤਿਆ।

**ਰਾਜਾ ਸਿੰਘ ਭੰਗਵਾਂ**

.......................................................

## ਸ਼ੋਕ ਮਤਾ

ਬਹੁਤ ਹੀ ਪਿਆਰੇ ਸੱਜਣ ਨਾਮਧਾਰੀ ਇਤਿਹਾਸ ਦੇ ਮਹਾਨ ਖੋਜੀ ਸ੍ਰੀ ਜਸਵਿੰਦਰ ਸਿੰਘ ਹਿਸਟੋਰੀਅਨ ਜੀ ਦੇ ਜਾਣ ਦਾ ਬਹੁਤ ਅਫ਼ਸੋਸ ਹੋਇਆ, ਉਹਨਾ ਦੇ ਜਾਣ ਦੇ ਨਾਲ ਨਾਮਧਾਰੀ ਦਰਬਾਰ ਅਤੇ ਸਾਹਿਤ ਜਗਤ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਜਸਵਿੰਦਰ ਸਿੰਘ ਬਹੁਤ ਪਿਆਰੇ ਆਦਮੀ ਸਨ। ਨਾਮਧਾਰੀ ਪੰਜਾਬੀ ਸਾਹਿਤ ਸਭਾ ਉਹਨਾ ਦੇ ਵਿਛੋੜੇ ਤੇ ਡੂੰਘੇ ਦੁੱਖ ਤੇ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ। ਸਤਿਗੁਰੂ ਜੀ ਉਹਨਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਲਖਵਿੰਦਰ ਸਿੰਘ ਬਾਜਵਾ
ਪ੍ਰਧਾਨ ਨਾਮਧਾਰੀ ਪੰਜਾਬੀ ਸਾਹਿਤ ਸਭਾ,
ਇਲਾਕਾ ਸ੍ਰੀ ਜੀਵਨ ਨਗਰ।

.......................................................

## ਨਾਮਧਾਰੀ ਦਰਬਾਰ ਵਲੋਂ ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਪ੍ਰਤੀ ਕੀਰਤਨ ਦਰਬਾਰ ਅਤੇ ਸ਼ਰਧਾਂਜਲੀ ਸਮਾਗਮ

ਨਾਮਧਾਰੀ ਸਿੱਖ ਸਮਾਜ ਦੇ ਉਘੇ ਇਤਿਹਾਸ-ਖੋਜੀ ਲੇਖਕ ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਦੀ 31 ਮਈ ਨੂੰ ਜੀਵਨ ਯਾਤਰਾ ਪੂਰੀ ਕਰ ਜਾਣ 'ਤੇ ਜਿਥੇ ਸਾਹਿਤਕ ਅਦਾਰਿਆਂ ਵਲੋਂ ਨਾਮਧਾਰੀ ਦਰਬਾਰ ਨੂੰ ਸ਼ੋਕ ਸੁਨੇਹਿਆਂ ਰਾਹੀ ਸ਼ਰਧਾਂਜਲੀਆਂ ਪੁਜਦੀਆਂ ਕੀਤੀਆਂ ਗਈਆਂ ਉਥੇ ਨਾਮਧਾਰੀ ਦਰਬਾਰ ਵਲੋਂ ਪੱਛਮੀ ਦਿੱਲੀ ਦੇ ਨਾਮਧਾਰੀ ਗੁਰਦਵਾਰਾ ਰਮੇਸ਼ ਨਗਰ ਵਿਚ 9 ਜੂਨ ਨੂੰ ਵਿਛੜੀ ਆਤਮਾ ਦੀ ਕਲਿਆਣਤਾ ਹਿਤ ਕੀਰਤਨ ਦਰਬਾਰ ਸਜਾਇਆ ਗਿਆ। ਸ਼ਾਸ਼ਤਰੀ ਸੰਗੀਤਕਾਰ ਸਾਜਨ ਸਿੰਘ (ਦਿਲਰੁਬਾ) ਨੇ ਆਪਣੇ ਸਾਥੀ ਅਤਰ ਸਿੰਘ (ਤਾਰ ਸ਼ਹਿਨਾਈ) ਸਹਿਤ ਸ਼ਾਸ਼ਤਰੀ ਸੰਗੀਤ ਦੀਆਂ ਧੁੰਨਾਂ ਵਿਚ ਪਹਿਲਾ ਸ਼ਬਦ 'ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ' ਰਾਗ ਚੰਦਰ ਕੌਂਸ ਅਤੇ ਦੂਸਰਾ ਸ਼ਬਦ ਰਾਗ ਅਲਹੀਆ ਵਿਚ 'ਆਪਹਿ ਮੇਲਿ ਲਏ, ਜਬ ਤੇ ਸਰਨ ਤੁਮਾਰੀ ਆਏ ਤਬ ਤੇ ਦੋਖ ਗਏ' ਗਾਇਨ ਕਰਕੇ ਵਿਛੜੀ ਰੂਹ ਨੂੰ ਸੰਗੀਤ ਸ਼ਰਧਾਂਜਲੀ ਭੇਟ ਕੀਤੀ। ਤਬਲੇ 'ਤੇ ਸਾਥ ਦੇ ਰਹੇ ਸਨ ਬਸੰਤ ਸਿੰਘ ਤੇ ਸੰਤਾ ਸਿੰਘ।

ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਉਪਸਥਿਤੀ ਵਿਚ ਉੱਘੇ ਬੁਲਾਰਿਆਂ ਵਲੋਂ ਸ਼ਰਧਾਂਜਲੀਆਂ ਭੇਟ ਕਰਨ ਉਪਰੰਤ ਮਹੰਤ ਪ੍ਰੀਤਮ ਸਿੰਘ ਤੇ ਸਹਿਯੋਗੀ ਪਾਠੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਨੌਵੇਂ ਮਹਲੇ ਦੇ ਸ਼ਲੋਕ ਪੜ੍ਹਕੇ ਪਾਠ ਦਾ ਭੋਗ ਪਾਇਆ। ਅੰਤਮ ਅਰਦਾਸ ਨਾਮਧਾਰੀ ਦਰਬਾਰ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਜੀ ਨੇ ਕੀਤੀ। ਰਿਸ਼ਤੇਦਾਰਾਂ, ਸਕੇ ਸਬੰਧੀਆਂ ਤੋਂ ਇਲਾਵਾ ਦੂਰ ਨੇੜੇ ਤੋਂ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਦੀ ਭਰਵੀਂ ਹਾਜ਼ਰੀ ਸੀ। ਵੱਖ-ਵੱਖ ਇਲਾਕਿਆਂ ਦੀ ਨਾਮਧਾਰੀ ਸੰਗਤ ਦੇ ਸੂਬਾ ਸਾਹਿਬਾਨ, ਇਸਤਰੀ ਸੂਬਾ ਬੀਬੀ ਨਰਿੰਦਰ ਕੌਰ ਦਿੱਲੀ ਜੋਨ, ਡਾ. ਰਣਜੀਤ ਕੌਰ ਸੰਪਾਦਕ 'ਵਰਿਆਮ', ਲੋਕਲ ਸਭਾ ਸੁਸਾਇਟੀਆਂ ਦੇ ਨੁਮਾਇੰਦੇ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸ੍ਰ. ਗੁਰਦੇਵ ਸਿੰਘ, ਸਾਬਕਾ ਮੈਂਬਰ ਸ੍ਰ. ਸਤਪਾਲ ਸਿੰਘ, ਪੰਜਾਬੀ ਅਕਾਦਮੀ ਦਿੱਲੀ ਦੇ ਸਾਬਕਾ ਸਕੱਤਰ ਤੇ ਦਿੱਲੀ ਸਰਕਾਰ ਦੇ ਚੀਫ ਪਬਲਿਕ ਪ੍ਰਾਸੀਕਿਊਟਰ ਸ੍ਰ. ਗੁਰਭੇਜ ਸਿੰਘ ਗੁਰਾਇਆ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਮੇਸ਼ ਨਗਰ ਦੇ ਪ੍ਰਧਾਨ ਸ੍ਰ. ਦਵਿੰਦਰ ਸਿੰਘ, ਨਾਮਧਾਰੀ ਦਰਬਾਰ ਦੇ ਪ੍ਰਧਾਨ ਅਤੇ ਭਾਜਪਾ ਲੀਡਰ ਸ੍ਰ. ਜਸਵੰਤ ਸਿੰਘ ਅਤੇ ਅਸਟ੍ਰਾਲੋਜਿਸਟ ਸ੍ਰ. ਅਮਰਜੀਤ ਸਿੰਘ ਆਦਿ ਹਾਜਰ ਸ਼ਖਸੀਅਤਾਂ ਵਰਨਣਯੋਗ ਹਨ।

ਉੱਘੇ ਬੁਲਾਰਿਆਂ ਨੇ ਸ੍ਰ. ਜਸਵਿੰਦਰ ਸਿੰਘ ਦੀ ਨਾਮਧਾਰੀ ਇਤਿਹਾਸ ਦੀ ਖੋਜ ਅਤੇ ਲਿਖਤ ਵਿਚ ਵੱਡਮੁਲੇ ਯੋਗਦਾਨ ਨੂੰ ਚਰਚਾ ਦਾ ਵਿਸ਼ਾ ਬਣਾਉਂਦਿਆਂ ਸ਼ਰਧਾਂਜਲੀਆਂ ਭੇਟ ਕੀਤੀਆਂ। ਦਿੱਲੀ ਯੂਨੀਵਰਸਿਟੀ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਅਤੇ ਚਰਚਿਤ ਵਿਦਵਾਨ ਡਾ. ਮਨਜੀਤ ਸਿੰਘ ਨੇ ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਦੇ ਜੀਵਨ, ਕਥਨੀ ਤੇ ਕਰਨੀ ਉਪਰ ਭਰਪੂਰ ਰੋਸ਼ਨੀ ਪਾਈ ਅਤੇ ਉਹਨਾ ਦੀ ਦੁਮਾਲੜੀ ਸ਼ਖਸੀਅਤ ਦੀਆਂ ਵੱਖ-ਵੱਖ ਪਰਤਾਂ ਨੂੰ ਗੁਰਬਾਣੀ ਚੋਂ ਮਿਸਾਲਾਂ ਦੇ ਕੇ, ਬਹੁਤ ਹੀ ਅਰਥ ਪੂਰਨ ਢੰਗ ਨਾਲ ਪੇਸ਼ ਕੀਤਾ। ਉਹਨਾਂ ਕਿਹਾ ਕਿ ਸਿੱਖ ਇਤਿਹਾਸ ਨੂੰ ਲਿਖਣ ਵਾਲੇ ਬੇਸ਼ਕ ਕਈ ਵਿਦਵਾਨ ਹੋਏ ਹਨ, ਪਰ 'ਹਿਸਟੋਰੀਅਨ' ਸ਼ਬਦ ਜਾਂ ਤਾਂ ਕਰਮ ਸਿੰਘ 'ਹਿਸਟੋਰੀਅਨ' ਦੇ ਨਾਂ ਨਾਲ ਇਕ ਗੋਤ ਵਜੋਂ ਜੁੜਿਆ ਅਤੇ ਜਾਂ ਫਿਰ ਜਸਵਿੰਦਰ ਸਿੰਘ ਦੇ ਨਾਂ ਨਾਲ।

ਡਾ. ਸਾਹਿਬ ਨੇ ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਨਾਲ ਪ੍ਰਾਰੰਭਕ ਮੁਲਾਕਾਤਾਂ ਦਾ ਸਥਾਨ 'ਵਰਤਮਾਨ ਹਿੰਦੁਸਤਾਨ' ਅਖਬਾਰ ਦੇ ਪੱਛਮੀ ਦਿੱਲੀ ਵਿਖੇ ਸਥਾਪਤ ਦਫਤਰ ਨੂੰ ਚੇਤੇ ਕਰਦਿਆਂ ਦਸਿਆ ਕਿ ਏਥੇ ਹੀ ਡਾ. ਅਮਰ ਭਾਰਤੀ, ਪ੍ਰੋ. ਤਾਰਾ ਸਿੰਘ ਅਨਜਾਣ, ਸ੍ਰ. ਮੋਹਨ ਸਿੰਘ ਬੈਰੀ ਕਦੇ ਕਦੇ ਹਰਿਆਣਾ ਤੋਂ ਪੁੱਜੇ ਮਾਸਟਰ ਅਮਰੀਕ ਸਿੰਘ - ਸਾਧੂ ਸਿੰਘ ਕਿਸਾਨ, ਐਸ. ਐਸ. ਮਨਧੀਰ (ਹੁਣ ਇਹ ਸਾਰੇ ਮਰਹੂਮ) ਅਕਸਰ ਮਿਲਿਆ ਕਰਦੇ ਸਨ। ਸੁਵਰਨ ਸਿੰਘ ਵਿਰਕ ਜਿਹੜੇ ਪੰਜਾਬ ਖਾਸ ਕਰਕੇ ਨਾਮਧਾਰੀ ਪੰਥ ਦੇ ਇਤਿਹਾਸ ਦੇ ਤੁਰਦੇ-ਫਿਰਦੇ ਮਾਰਤੰਡ ਹਨ ਉਹਨਾ ਨੂੰ ਵੀ ਅਕਸਰ ਇਥੇ ਹੀ ਮਿਲਦੇ ਸਾਂ। ਇੰਜ ਇਹ ਦਫਤਰ ਲੇਖਕਾਂ ਦੀਆਂ ਆਪਸੀ ਮਿਲਣੀਆਂ ਦਾ ਵੱਡਾ ਕੇਂਦਰ ਹੋਇਆ ਕਰਦਾ ਸੀ। ਡਾਕਟਰ ਸਾਹਿਬ ਨੇ ਦਸਿਆ ਕਿ ਇਤਹਾਸ ਲਿਖਣਾ ਬੜਾ ਔਖਾ ਕਾਰਜ ਹੈ ਪਰ ਜਸਵਿੰਦਰ ਸਿੰਘ ਨੇ ਹਰਿਆਣਾ, ਹਿਮਾਚਲ, ਚੰਡੀਗੜ੍ਹ,

ਲਖਨਊ, ਖਾਸ ਕਰਕੇ ਕਲਕਤੇ ਦੀ ਆਰਕਾਈਵਜ਼ ਵਿਚ ਜਾ-ਜਾ ਕੇ ਹਿਸਟੋਰੀਕਲ ਫੈਕਟ ਦਾ ਮੁਲਾਂਕਨ ਕਰਕੇ ਲਿਖਣਾ ਆਪਣੇ ਜੀਵਨ ਦਾ ਮਨੋਰਥ ਬਣਾ ਲਿਆ ਸੀ।

ਸ੍ਰ. ਸੁਵਰਨ ਸਿੰਘ ਵਿਰਕ ਨੇ ਸ੍ਰ. ਜਸਵਿੰਦਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ, ਸਾਰੇ ਇਤਿਹਾਸ ਨੂੰ ਇਕ ਬੰਸਾਵਲੀ ਦੇ ਰੂਪ ਵਿਚ ਪੇਸ਼ ਕਰਕੇ, ਸਹੀ ਰੂਪ ਵਿਚ ਇਕ ਤੁਰਦੇ-ਫਿਰਦੇ ਮਾਰਤੰਡ ਹੋਣ ਦਾ ਪਰੀਚੈ ਦਿਤਾ। ਵਿਰਕ ਜੀ ਨੇ ਜਸਵਿੰਦਰ ਸਿੰਘ ਦੀ ਇਸ ਲਗਨ ਨੂੰ ਉਭਾਰਿਆ ਕਿ ਉਹਨਾ ਦੇ ਰੋਮ-ਰੋਮ ਵਿਚ ਸਤਿਗੁਰੂ ਰਾਮ ਸਿੰਘ ਸਮਾਏ ਹੋਏ ਸਨ। ਸਤਿਗੁਰੂ ਰਾਮ ਸਿੰਘ, ਬਰਮਾ ਤੇ ਰੰਗੂਨ ਨੂੰ ਜਸਵਿੰਦਰ ਸਿੰਘ ਅਕਸਰ ਯਾਦ ਕਰਿਆ ਕਰਦੇ ਸਨ। ਇਸ ਮੌਕੇ ਵਿਰਕ ਜੀ ਨੇ ਸ੍ਰ. ਜਸਵਿੰਦਰ ਸਿੰਘ ਦੀਆਂ ਤਿੰਨ ਧੀਆਂ, ਉਹਨਾ ਦੇ ਪਤੀਆਂ ਦਾ ਨਾਵਾਂ ਸਹਿਤ ਜਿਕਰ ਕੀਤਾ ਕਿ ਅਖੀਰਲੇ ਸਮੇਂ ਸਰਬੱਤ ਪ੍ਰਵਾਰ ਕੋਲ ਹੀ ਸੀ। ਵਿਰਕ ਜੀ ਨੇ ਜਸਵਿੰਦਰ ਸਿੰਘ ਦੇ ਤੁਰ ਜਾਣ ਨੂੰ ਕੁਤਬ ਦੀ ਲਾਟ ਢਹਿ ਜਾਣ ਵਜੋਂ ਮਹਿਸੂਸ ਕਰਦਿਆਂ ਕਿਹਾ ਕਿ ਜਸਵਿੰਦਰ ਸਿੰਘ ਦੀ ਕੀਰਤੀ ਸਮੇਂ ਤੇ ਕਾਲ ਤੋਂ ਮੁਕਤ ਹੋਕੇ ਵੱਡੇ ਕਾਰਜਾਂ ਸਦਕਾ ਸਦਾ ਚਿਰਜੀਵੀ ਬਣੀ ਰਹੇਗੀ।

ਦਿੱਲੀ ਨਿਵਾਸੀ ਜਥੇਦਾਰ ਨਿਸ਼ਾਨ ਨੇ ਸਟੇਜ ਸੰਚਾਲਨ ਦਾ ਕਾਰਜ ਬਾਖੂਬੀ ਨਿਭਾਉਂਦਿਆਂ ਹਰ ਬੁਲਾਰੇ ਤੋਂ ਬਾਅਦ ਸਕਾਰਾਤਮਕ ਪ੍ਰਤੀਕ੍ਰਿਆ ਦੇਂਦੇ ਹੋਏ ਕਿਹਾ ਕਿ ਹਿਸਟੋਰੀਅਨ ਸਾਹਿਬ ਨਾਮਧਾਰੀ ਇਤਿਹਾਸ ਦੇ ਰਾਹ ਦਿਸੇਰਾ ਸਾਬਤ ਹੋਏ ਹਨ। ਪਰ ਅਜੇ ਵੀ ਨਾਮਧਾਰੀ ਇਤਿਹਾਸ ਖੋਜਣ ਯੋਗ ਪਿਆ ਹੈ। ਨਿਸ਼ਾਨ ਸਿੰਘ ਨੇ ਹਿਸਟੋਰੀਅਨ ਸਾਹਿਬ ਦੀ ਇੱਛਾ ਵੀ ਦਸੀ ਕਿ ਨੌਜਵਾਨ ਇਸ ਕਾਰਜ ਵਾਸਤੇ ਜ਼ਰੂਰ ਅਗੇ ਆਉਣ।

ਪ੍ਰਸਿੱਧ ਨਾਵਲਕਾਰ ਤੇ ਵੱਡੇ ਪੰਜਾਬੀ ਲੇਖਕ ਸ੍ਰ. ਜਸਵੰਤ ਸਿੰਘ ਕੰਵਲ ਦੇ ਦੋਹਤੇ ਇਤਿਹਾਸਕਾਰ ਡਾ. ਸੁਮੇਲ ਸਿੰਘ ਸਿੱਧੂ ਉਚੇਚ ਕਰਕੇ ਬਠਿੰਡਾ ਤੋਂ ਇਸ ਸ਼ਰਧਾਂਜਲੀ ਸਮਾਗਮ 'ਚ ਸ਼ਿਰਕਤ ਕੀਤੀ। ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦਿੱਲੀ ਦੇ ਪ੍ਰੋਫੈਸਰ ਰਹੇ ਡਾਕਟਰ ਸੁਮੇਲ ਸਿੰਘ ਸਿੱਧੂ ਨੇ ਜਸਵਿੰਦਰ ਸਿੰਘ ਹਿਸਟੋਰੀਅਨ ਨਾਲ ਆਪਣੀਆਂ ਸਮ੍ਰਿਤੀਆਂ ਨੂੰ ਤਰਤੀਬਵਾਰ ਪੇਸ਼ ਕਰਦਿਆਂ ਕਿਹਾ ਕਿ ਅਕਸਰ ਉਹਨਾ ਦੀਆਂ ਕਿਤਾਬਾਂ 'ਚ ਦਰਸਾਏ ਇਤਿਹਾਸਕ ਨੁਕਤਿਆਂ ਤੇ ਵਿਚਾਰ ਚਰਚਾ ਹੁੰਦੀ ਰਹਿੰਦੀ ਸੀ। ਇਕ ਇਤਿਹਾਸਕਾਰ ਦੇ ਤੌਰ ਤੇ ਭਾਰਤ ਦੀ ਅਜ਼ਾਦੀ ਦੀ ਲੜਾਈ ਦੇ ਪਹਿਲੇ ਦੌਰ ਦੇ ਇਤਿਹਾਸ, ਉਸਤੋਂ ਬਾਅਦ ਸਾਹਿਤਕ ਰੂਪਾਂ ਵਿਚ ਦਰਜ ਇਤਿਹਾਸ ਹਮੇਸਾਂ ਚਰਚਾ ਦਾ ਵਿਸ਼ਾ ਬਣਦਾ। ਜਸਵਿੰਦਰ ਸਿੰਘ ਹਿਸਟੋਰੀਅਨ ਦੇ ਕਾਰਜ ਨੂੰ ਡਾ. ਸੁਮੇਲ ਸਿੰਘ ਨੇ ਸ੍ਰ. ਨਾਹਰ ਸਿੰਘ ਐਮ ਦੇ ਹਵਾਲੇ ਨਾਲ ਦਸਿਆ ਕਿ 'ਇਤਿਹਾਸ ਖੋਜ ਦਾ ਕੰਮ ਤੂੜੀ ਦੇ ਢੇਰ ਚੋਂ ਸੂਈ ਲੱਭਣ ਵਾਲਾ ਕਾਰਜ ਹੈ।'

ਨਾਮਧਾਰੀ ਦਰਬਾਰ ਨੂੰ ਪੁੱਜੇ ਸ਼ੋਕ ਸੰਦੇਸ਼ਾਂ ਵਿਚ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਮੰਚ ਤੋਂ ਪ੍ਰਧਾਨ ਲਕਸ਼ਮੀ ਨਰਾਇਣ, ਕਾਰਜਕਾਰੀ ਪ੍ਰਧਾਨ ਵਿਭੂਤੀ ਨਾਰਾਇਣ ਰਾਏ, ਜਨਰਲ ਸਕਤਰ ਡਾ. ਸੁਖਦੇਵ ਸਿੰਘ ਸਿਰਸਾ, ਕੌਮੀ ਪ੍ਰਧਾਨਗੀ ਮੰਡਲ ਦੇ ਮੈਂਬਰ ਕਾ. ਸੁਵਰਨ ਸਿੰਘ ਵਿਰਕ, ਕੌਮੀ ਸਕਤਰੇਤ ਦੇ ਮੈਂਬਰ ਡਾ. ਸਰਬਜੀਤ ਸਿੰਘ, ਡਾ. ਹਰਵਿੰਦਰ ਸਿੰਘ ਸਿਰਸਾ, ਉੱਘੇ ਲੇਖਕ ਸੰਪਾਦਕ ਸਵਰਾਜ ਬੀਰ, ਡਾ. ਰਤਨ ਸਿੰਘ ਢਿਲੋਂ, ਡਾ. ਪਾਲ ਕੌਰ, ਜਸਪਾਲ ਮਾਨਖੇੜਾ, ਗੁਲਜ਼ਾਰ ਸਿੰਘ ਪੰਧੇਰ, ਪ੍ਰਲੇਸ ਪੰਜਾਬ ਦੇ ਪ੍ਰਧਾਨ ਪ੍ਰੋ. ਸੁਰਜੀਤ ਜੱਜ ਅਤੇ ਜ. ਸਕੱਤਰ ਡਾ. ਕੁਲਦੀਪ ਸਿੰਘ ਦੀਪ ਨੇ ਜਸਵਿੰਦਰ ਸਿੰਘ ਹਿਸਟੋਰੀਅਨ ਪ੍ਰਵਾਰ, ਉਹਨਾ ਦੇ ਸੱਜਣਾ ਸਨੇਹੀਆਂ ਅਤੇ ਨਾਮਧਾਰੀ ਦਰਬਾਰ ਪ੍ਰਤੀ ਦਿੱਲੀ ਹਮਦਰਦੀ ਅਤੇ ਸ਼ੋਕ ਸੰਵੇਦਨਾਵਾਂ ਪ੍ਰਗਟ ਕਰਦਿਆਂ ਲਿਖਿਆ ਹੈ ਕਿ ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਦੁਆਰਾ ਸਾਹਿਤ, ਸਮੀਖਿਆ ਖੋਜ, ਖਾਸਕਰ ਨਾਮਧਾਰੀ ਸੰਪਰਦਾਇ ਨਾਲ ਸਬੰਧਤ ਵਿਸ਼ੇਸ਼ ਇਤਿਹਾਸਕ ਗ੍ਰੰਥਾਂ ਦੀ ਸਿਰਜਣਾ ਅਤੇ ਨਾਮਧਾਰੀਆਂ ਦੇ ਸੁਤੰਤਰਤਾ ਸੰਗਰਾਮ ਵਿਚ ਪਾਏ ਯੋਗਦਾਨ ਦੀ ਨਿਸ਼ਾਨਦੇਈ ਕਰਕੇ ਉਸਨੂੰ ਸਾਹਮਣੇ ਲਿਆਉਣ ਦਾ ਜੋ ਵੱਡਮੁਲਾ ਕਾਰਜ ਕੀਤਾ ਹੈ, ਉਸ ਸਦਕਾ ਉਹਨਾ ਦੀ ਲੋਕ ਮਨਾ ਵਿਚ ਸਿੰਮ੍ਰਤੀ ਸਦੀਵੀ ਬਣੀ ਰਹੇਗੀ।

ਇਸ ਤੋਂ ਇਲਾਵਾ ਹੋਰ ਸਾਹਿਤਕ ਅਦਾਰਿਆਂ ਅਤੇ ਕਈ ਇਕ ਸਾਹਿਤਕਾਰਾਂ ਦੇ ਸ਼ੋਕ ਸੰਦੇਸ਼ ਵੀ ਪੁੱਜੇ। ਅਦਾਰਾ 'ਸਤਿਜੁਗ' ਵਲੋਂ ਸੋਸ਼ਲ ਮੀਡੀਆ 'ਤੇ ਸ਼ੋਕ ਸੰਦੇਸ਼ ਵਿਚ ਲਿਖਿਆ ਗਿਆ ਕਿ ਪ੍ਰਬੁੱਧ ਵਿਦਵਾਨ ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਨਾਮਧਾਰੀ ਇਤਿਹਾਸ ਖੋਜ ਲਈ ਲਗਾਤਾਰ ਕਰਮਸ਼ੀਲ ਰਹੇ। ਹਿਸਟੋਰਅਨ ਜੀ ਨੇ ਦਿੱਲੀ ਆਰਕਾਈਵਜ਼ ਵਿਚ ਸਾਲਾਂ ਬੱਧੀ ਨਾਮਧਾਰੀਆਂ ਨਾਲ ਸਬੰਧਤ ਰਿਪੋਰਟਾਂ ਇਕੱਤਰ ਕਰਨ, ਜਲਾਵਤਨ ਹੋਏ ਨਾਮਧਾਰੀ ਅਮਰ ਨਾਇਕਾਂ ਦੀਆਂ ਥਾਵਾਂ ਦੀ ਨਿਸ਼ਾਨਦੇਈ

ਕਰਨ ਅਤੇ ਨਾਮਧਾਰੀ ਤਵਾਰੀਖ ਦੇ ਮੁੱਢਲੇ ਸੋਮੇ ਸਤਿਗੁਰੂ ਬਿਲਾਸ (ਸੰਤ ਸੰਤੋਖ ਸਿੰਘ) ਹੁਕਮਨਾਮੇ ਸਤਿਗੁਰੂ ਰਾਮ ਸਿੰਘ ਦੀ ਸੰਪਾਦਨਾ ਕਰ ਖੋਜਾਰਥੀਆਂ ਅਤੇ ਪਰਮਾਰਥੀਆਂ ਲਈ ਮੀਲ ਪੱਥਰ ਸਥਾਪਤ ਕੀਤਾ। ਕੂਕਾ ਸ਼ਹੀਦ ਯਾਦਗਾਰੀ ਟਰਸਟ, ਨਾਮਧਾਰੀ ਸ਼ਹੀਦੀ ਸਮਾਰਕ, ਲੁਧਿਆਣਾ ਵਲੋਂ ਪੁੱਜੇ ਸ਼ੋਕ ਸੰਦੇਸ਼ ਵਿਚ ਸ੍ਰ. ਜਸਵਿੰਦਰ ਸਿੰਘ ਜੀ ਦੀਆਂ ਨਾਮਧਾਰੀ ਪੰਥ ਲਈ ਕੀਤੀਆਂ ਸੇਵਾਵਾਂ ਲਈ ਸ਼ਰਧਾ ਸੁਮਨ ਭੇਟ ਕਰਦਿਆਂ ਅਜੀਤ ਸਿੰਘ ਨਾਮਧਾਰੀ ਲਿਖਦੇ ਹਨ ਜਸਵਿੰਦਰ ਸਿੰਘ ਇਤਿਹਾਸ ਦੀ ਖੋਜ ਕਰਕੇ ਅੱਜ ਆਪ ਇਤਿਹਾਸ ਦਾ ਹਿਸਾ ਬਣ ਗਏ ਹਨ। ਪਿਛਲੇਰੀ ਅਧੀ ਸਦੀ ਦੇ ਕਰੀਬ ਸ੍ਰ. ਜਸਵਿੰਦਰ ਸਿੰਘ ਜੀ ਨੇ ਸਤਿਗੁਰੂ ਜੀ ਦੀ ਕਿਰਪਾ ਨਾਲ ਨਾਮਧਾਰੀ ਇਤਿਹਾਸ ਨੂੰ ਲਿਖਣ ਤੇ ਸੰਭਾਲਣ ਦੀ ਅਥਾਹ ਸੇਵਾ ਕੀਤੀ ਹੈ। ਸਤਿਗੁਰੂ ਰਾਮ ਸਿੰਘ ਜੀ ਦੀਆਂ ਕੀਰਤੀਆਂ ਨੂੰ ਆਧੁਨਿਕ ਤਰੀਕੇ ਨਾਲ ਜਗ ਵਿਚ ਪ੍ਰਕਾਸ਼ ਮਾਨ ਕੀਤਾ ਹੈ। ਜਦੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਸਤਿਗੁਰੂ ਰਾਮ ਸਿੰਘ ਚੇਅਰ ਦੀ ਸਥਾਪਨਾ ਹੋਈ ਤਾਂ ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਯੂਨੀਵਰਸਿਟੀ ਵਿਚ ਪਹਿਲੇ ਰਿਸਰਚ ਸਕਾਲਰ ਸਨ। ਟਰਸਟ ਵਲੋਂ ਭਾਰਤ ਸਰਕਾਰ ਦੇ ਸਹਿਯੋਗ ਨਾਲ ਇਕ ਟੀਮ ਬਰਮਾ ਵਿਖੇ ਖੋਜ-ਕਾਰਜ ਲਈ ਭੇਜੀ ਗਈ। ਇਸ ਟੀਮ ਵਿਚ ਜਸਵਿੰਦਰ ਸਿੰਘ ਹਿਸਟੋਰੀਅਨ ਦੀ ਸ਼ਮੂਲੀਅਤ ਅਹਿਮ ਸੀ।

ਸੰਤ ਰਛਪਾਲ ਸਿੰਘ ਜੀ ਨੇ ਜਸਵਿੰਦਰ ਸਿੰਘ ਜੀ ਨੂੰ ਸਰਧਾਂਜਲੀ ਵਜੋਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਜਸਵਿੰਦਰ ਸਿੰਘ ਪ੍ਰਤੀ ਉਚਾਰੇ ਹੇਠ ਲਖੇ ਬਚਨ ਸੋਸ਼ਲ ਮੀਡੀਆ ਤੇ ਸਾਂਝੇ ਕੀਤੇ ਹਨ: "ਹਰ ਜਥੇਦਾਰ ਨੂੰ ਏਹ ਪਤਾ ਹੋਣਾ ਚਾਹੀਦਾ ਹੈ ਕਿ ਜਸਵਿੰਦਰ ਸਿੰਘ ਹੁਰਾਂ ਨੇ ਕਿੰਨੇ ਉੱਦਮ ਨਾਲ, ਕਿੰਨੇ ਪੁਰਸ਼ਾਰਥ ਨਾਲ ਏਹ ਖੋਜ ਕੀਤੀ ਹੈ। ਇਹ ਤੇ ਪਤਾ ਈ ਹੋਣਾ ਚਾਹੀਦਾ ਹੈ ਕਿ ਜੇੜ੍ਹਾ ਆਮ ਤੌਰ ਤੇ ਦੂਸਰੇ ਸਿੱਖਾਂ ਤੇ ਸਾਡੇ ਵਿੱਚ ਪਾੜਾ ਵਧਾਉਂਣ ਵਾਸਤੇ ਅੰਗਰੇਜ਼ਾਂ ਨੇ 1885 ਵਿੱਚ ਈ ਲਿਖ ਦਿੱਤਾ ਸੀ ਕਿ ਸਤਿਗੁਰੂ ਰਾਮ ਸਿੰਘ ਦਾ ਸਰੀਰ ਸ਼ਾਂਤ ਹੋਇਆ, ਡਾਇਰੀਆ ਜਾਂ ਡਾਇਸੈਂਟਰੀ ਜੇੜ੍ਹੀ ਪੇਟ ਦੀ ਤਕਲੀਫ਼ ਨਾਲ। ਜਸਵਿੰਦਰ ਸਿੰਘ ਨੇ ਬੜੇ ਉੱਦਮ ਨਾਲ ਏਹ ਲੱਭਿਆ ਕਿ ਉਸ ਸਾਲ ਵਿੱਚ ਕਿਸੇ ਕੈਦੀ ਨੂੰ ਓਥੇ ਏਹ ਬੀਮਾਰੀ ਹੋਈ ਹੀ ਨਹੀਂ, ਇੱਕ ਗੱਲ। ਦੂਸਰੀ ਗੱਲ ਏਹ ਕਿ ਓਨ੍ਹਾਂ ਨੇ 1885 ਤੋਂ ਬਾਅਦ 1886 ਦੀ ਇੱਕ ਚਿੱਠੀ ਲੱਭਕੇ ਉਹ ਕਿਤਾਬ ਵਿੱਚ ਛਾਪੀ ਹੈ, ਜੀਦ੍ਹੇ 'ਚ ਲਿਖਿਆ ਕਿ ਸਤਿਗੁਰੂ ਰਾਮ ਸਿੰਘ ਨੂੰ ਏਸ ਜਗ੍ਹਾ ਤੋਂ ਦੂਜੀ ਜਗ੍ਹਾ ਤੇ ਲਜਾਇਆ ਜਾਵੇ। ਕਿਉ ਉਨ੍ਹਾਂ ਨੂੰ ਏਥੇ ਸਿੱਖ ਆਕੇ ਮਿਲਦੇ ਨੇ। 1885 ਵਾਲੀ ਗੱਲ ਆਮ ਲੋਕਾਂ ਦੇ, ਇਤਿਹਾਸ ਵਾਲਿਆਂ ਦੇ ਦਿਮਾਗ਼ਾਂ ਤੇ ਬਿਠਾਕੇ ਕਿਤਾਬਾਂ ਦੀਆਂ ਕਿਤਾਬਾਂ ਲਿਖਾ ਦਿਤੀਆਂ ਗਈਆਂ ਨੇ। ਉਹ ਸਾਰੀ ਗੱਲ ਉਨ੍ਹਾਂ ਵਿਚੋਂ ਨਿਕਲਣੀ ਚਾਹੀਦੀ ਹੈ। ਇਹ ਗੱਲ ਜਥੇਦਾਰਾਂ ਨੂੰ ਪਤਾ ਹੋਣੀ ਚਾਹੀਦੀ ਹੈ ਤੇ ਹਰ ਸਟੇਜ 'ਤੇ ਜਥੇਦਾਰ ਏਹ ਗੱਲ ਦੱਸਣ।"

ਸੇਵਕ ਹਰਪਾਲ ਸਿੰਘ ਜੀ ਨੇ ਇਕ ਵੱਖਰੇ ਲੇਖ ਵਿਚ ਜਸਵਿੰਦਰ ਸਿੰਘ ਹਿਸਟੋਰੀਅਨ ਦਾ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਨਾਮਧਾਰੀ ਸਮਾਜ ਨੂੰ ਸਮਰਪਤ ਜੀਵਨ ਦਰਸਾਇਆ ਹੈ। ਨਾਮਧਾਰੀ ਸਾਹਿਤ ਸਭਾ ਇਲਾਕਾ ਜੀਵਨ ਨਗਰ ਸਰਸਾ ਹਰਿਆਣਾ ਦੇ ਪ੍ਰਧਾਨ ਲਖਵਿੰਦਰ ਸਿੰਘ ਬਾਜਵਾ ਲਿਖਦੇ ਹਨ ਕਿ ਬਹੁਤ ਹੀ ਪਿਆਰੇ ਸੱਜਣ ਨਾਮਧਾਰੀ ਇਤਿਹਾਸ ਦੇ ਮਹਾਨ ਖੋਜੀ ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਦੇ ਜਾਣ ਨਾਲ ਨਾਮਧਾਰੀ ਦਰਬਾਰ ਅਤੇ ਸਾਹਿਤ ਜਗਤ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਬਾਜਵਾ ਜੀ ਨਿਜੀ ਤੌਰ 'ਤੇ ਵੀ ਸ਼ੋਕ ਵਿਅਕਤ ਕਰਦੇ ਹੋਏ ਲਿਖਦੇ ਹਨ: ਅਲਵਿਦਾ ਮਿਤਰ ਪਿਆਰੇ ਸਦੀਵੀ ਅਲਵਿਦਾ! ਮੇਰਾ ਸਤਿਗੁਰੂ ਰਾਮ ਸਿੰਘ ਜੀ ਬਾਰੇ ਲਿਖਿਆ ਮਹਾਂ-ਕਾਵਿ ਮੁਕਤੀਦਾਤਾ ਵੀ ਉਹਨਾ ਦੀ ਪ੍ਰੇਰਣਾ ਨਾਲ ਲਿਖਿਆ ਗਿਆ।

ਹਿਸਟੋਰੀਅਨ ਜੀ ਦੀ ਇਸੇ ਸੰਦਰਭ ਵਿਚ ਲਿਖੀ ਪੁਸਤਕ 'ਕਿਲਿਆਂ ਵਿਚ ਕੈਦ ਦੇਸ਼ ਭਾਗਤ ਕੂਕੇ' ਉੱਚ ਸਾਹਿਤ ਵੰਨਗੀ ਵਿਚ ਸੁਮਾਰ ਰਖਦੀ ਹੈ। ਨਾਮਧਾਰੀ ਵਿਦਿਅਕ ਜਥਾ ਦੇ ਹਰਪਾਲ ਸਿੰਘ ਸੋਧੀ ਲਿਖਦੇ ਹਨ : ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਸਦਾ ਚੇਤੇ ਰਹਿਣਗੇ। ਸਮੇ ਦੀ ਗਰਦ ਨਾਲ ਦੱਬੇ ਪਿਛੜੇ ਨਾਮਧਾਰੀ ਇਤਿਹਾਸ ਨੂੰ ਤੱਥ ਭਰਪੂਰ ਜੀਵੰਤ ਕਰਨ ਵਾਲੇ ਨਾਮਧਾਰੀ ਪੰਥ ਦੇ ਇਤਿਹਾਸਕਾਰ ਸ੍ਰ. ਜਸਵਿੰਦਰ ਹਿਸਟੋਰੀਅਨ ਦੇ ਚਲੇ ਜਾਣ ਨਾਲ ਅਨੇਕਾਂ ਕਾਰਜ ਅਜੇ ਉਹਨਾਂ ਦੁਆਰਾ ਪੂਰੇ ਕੀਤੇ ਜਾਣੇ ਸੀ, ਸ਼ਾਇਦ ਮੁਕੰਮਲ ਹੋਣ ਤੋਂ ਰਹਿ ਜਾਣਗੇ। ਸ੍ਰ. ਜਸਵਿੰਦਰ ਸਿੰਘ ਜੀ ਦੀ ਸੇਵਾ, ਸਮਰਪਣ ਅਤੇ ਤਿਆਗ ਨੂੰ ਸਲਾਮ। ਨਾਮਧਾਰੀ ਵਿਦਿਅਕ ਜਥਾ ਦੇ ਸੁਖਵਿੰਦਰ ਸਿੰਘ ਲਾਇਲ ਕੁਝ ਸਬੰਧਤ ਸਖਸੀਅਤਾਂ, ਹਰਕੀਰਤ ਸਿੰਘ, ਬਲਵੀਰ ਸਿੰਘ, ਵਿਸ਼ਵ ਨਾਮਧਾਰੀ ਵਿਦਿਅਕ ਜਥਾ, ਨਾਮਧਾਰੀ

ਵਿਦਿਅਕ ਜਥਾ ਬਜੀਰ ਪੁਰ, ਨਾਮਧਾਰੀ ਸੰਗਤ ਲੁਧਿਆਣਾ, ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥਾ, ਨਾਮਧਾਰੀ ਵਿਦਿਅਕ ਜਥਾ ਫਗਵਾੜਾ, ਨਿਸ਼ਾਨ ਸਿੰਘ ਅਤੇ ਮੰਗਲਜੀਤ ਸਿੰਘ ਨੂੰ ਟੈਗ ਕਰਦੇ ਹੋਏ ਲਿਖਦੇ ਹਨ ਕਿ ਸ੍ਰ. ਜਸਵਿਦਰ ਸਿੰਘ ਹਿਸਟੋਰੀਅਨ ਇਕ ਕ੍ਰਮੱਠ ਵਿਦਵਾਨ, ਇਤਿਹਾਸ ਦਾ ਖੋਜੀ, ਇਕ ਉਘਾ ਲਿਖਾਰੀ, ਸੰਪਾਦਕ ਤੇ ਇਤਿਹਾਸਕਾਰ ਜੋ ਇਕ ਚੰਗਾ ਵਕਤਾ ਵੀ ਸੀ, ਉਹਨਾ ਦਾ ਸਰੀਰ ਕਰਕੇ ਵਿਛੜਨਾ ਬੇਸ਼ਕ ਕੁਦਰਤੀ ਪ੍ਰਕਿਰਿਆ ਹੈ, ਪਰ ਆਪਣੀਆਂ ਖੋਜਾਂ ਲਿਖਤਾਂ ਰਾਹੀਂ ਉਹ ਖੋਜਾਰਥੀਆਂ ਤੇ ਵਿਦਿਆਰਥੀਆਂ ਵਾਸਤੇ ਸਦਾ ਅਮਰ ਰਹਿਣਗੇ। ਸ੍ਰ. ਜਗਦੀਸ਼ ਸਿੰਘ 'ਵਰਿਆਮ' ਦੇ ਭਾਈ ਸ੍ਰ. ਨਰੈਣ ਸਿੰਘ ਜਲੰਧਰ ਲਿਖਦੇ ਹਨ:

ਇਕ ਇਤਿਹਾਸਕਾਰ ਦਾ ਖੁਦ ਇਤਿਹਾਸ ਬਣ ਜਾਣਾ, ਇਤਿਹਾਸ ਵਿਚ ਲੀਨ ਹੋ ਜਾਣਾ ਇਕ ਦੁਖਦਾਈ ਪਰ ਕੁਦਰਤੀ ਵਰਤਾਰਾ ਹੈ। ਬਹੁਤ ਹੀ ਸਤਿਕਾਰਤ ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਦਾ ਗੁਰੂ ਪਿਆਨਾ ਕਰ ਜਾਣਾ ਇਕ ਬਹੁਤ ਵੱਡ-ਅਕਾਰੀ ਪੰਥਕ ਘਾਟਾ ਹੈ, ਇਕ ਬਹੁਤ ਵੱਡਾ ਖਲਾਅ ਹੈ। ਉਹਨਾ ਦੀ ਖੋਜ, ਸਾਹਿਤਕ ਦੇਣ ਜਿਥੇ ਬਹੁਤ ਵੱਡਮੁਲੀ ਹੈ ਉਥੇ ਹੀ ਅਤਿਅੰਤ ਦੁਰਲੱਭ ਵੀ ਹੈ। ਉਹਨਾ ਦੀ ਘਾਲਣਾ, ਪੰਥਕ ਦੇਣ ਸਿਰ ਮੱਥੇ ਅਤੇ ਧੰਨਤਾ ਦੀ ਪਾਤਰ ਹੈ। ਉਘੇ ਅਧਿਆਤਮ-ਚਿੰਤਕ ਸੰਤ ਗੁਰੂਬਚਨ ਸਿੰਘ ਜੀ ਨੇ ਲਿਖਿਆ ਹੈ : 'ਸ੍ਰ. ਜਸਵਿੰਦਰ ਸਿੰਘ ਵਕਤ ਦੇ ਕਿਸੇ ਨਿਰਮੋਹੀ ਝੋਕੇ ਨਾਲ ਸਾਥੋਂ ਦੂਰ ਚਲਾ ਗਿਆ। ਕੂਕਾ ਇਤਿਹਾਸ ਦਾ ਬੋਲਦਾ ਹੋਇਆ ਗ੍ਰੰਥ, ਹਥਾਂ 'ਚੋਂ ਖਿਸਕ ਗਿਆ। ਰਹਿ ਗਿਆ, ਇਤਿਹਾਸਕ ਪੰਨਿਆਂ ਦਾ ਦਸਤਾਵੇਜ਼।

ਸ੍ਰ. ਅਜੀਤ ਸਿੰਘ ਲਾਇਲ ਕਨੇਡਾ ਤੋਂ ਲਿਖਦੇ ਹਨ: 'ਪਿਛਲੇ ਕਈ ਦਿਨਾ ਤੋਂ ਸੇਵਕ ਹਰਪਾਲ ਸਿੰਘ ਜੀ ਤੋਂ ਹਿਸਟੋਰੀਅਨ ਜੀ ਦੀ ਡਾਵਾਂਡੋਲ ਸਿਹਤ ਸਬੰਧੀ ਖ਼ਬਰ ਮਿਲਦੀ ਰਹੀ। ਉਹਨਾਂ ਦੀ ਗੱਲਬਾਤ ਤੋਂ ਹੀ ਜਾਪਦਾ ਸੀ ਕਿ ਅਜਿਹਾ ਭਾਣਾ ਵਰਤਣ ਵਾਲਾ ਹੈ। ਸ੍ਰ. ਜਸਵਿੰਦਰ ਸਿੰਘ ਦਾ ਨਾਮਧਾਰੀ ਇਤਿਹਾਸ ਦੀ ਖੋਜ ਵਿਚ ਬਹੁਤ ਵੱਡਾ ਯੋਗਦਾਨ ਹੈ। ਬੜਾ ਕੁਝ ਹੈ ਜੋ ਸਾਨੂੰ ਉਹਨਾ ਦੀ ਖੋਜ ਸਮਗਰੀ 'ਚੋਂ ਹੀ ਮਿਲਿਆ ਹੈ। ਉਹਨਾ ਦੇ ਤੁਰ ਜਾਣ ਤੇ ਇਕ ਕੋਹੇਨੂਰ ਹੀਰਾ ਸਾਥੋਂ ਖੁਸਿਆ ਹੈ। ਉਹ ਸਾਡੀਆਂ ਯਾਦਾਂ 'ਚ ਹਮੇਸ਼ਾਂ ਬਣੇ ਰਹਿਣਗੇ ਅਤੇ ਆਪਣੀਆਂ ਲਿਖਤਾਂ ਰਾਹੀਂ ਹਮੇਸ਼ਾ ਹਮੇਸ਼ਾ ਲਈ ਨਾਮਧਾਰੀ ਲੇਖਕਾਂ ਲਈ ਸਹਾਇਕ ਸਿਧ ਹੋਣਗੇ। ਅਲਵਿਦਾ! ਸਾਡੇ ਪਿਆਰੇ ਜਸਵਿੰਦਰ ਸਿੰਘ ਜੀ। ਵਰਨਣਯੋਗ ਹੈ ਕਿ ਜਸਵਿੰਦਰ ਸਿੰਘ ਹਿਸਟੋਰੀਅਨ ਪਿਛਲੇ ਕੁਝ ਸਮੇਂ ਤੋਂ ਸ਼ਰੀਰ ਪੱਖੋ ਜਿਆਦਾ ਅਸਵਸਥ ਰਹਿਣ ਲੱਗ ਪਏ ਸਨ।

ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਇਹਨਾਂ ਦਿਨਾਂ ਵਿਚ ਲੁਧਿਆਣਾ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵਿਚ ਸਤਿਗੁਰੂ ਜੀ ਦੀ ਰਹਿਨੁਮਾਈ ਵਿਚ ਹੀ ਵਿਸ਼ੇਸ਼ਗ ਡਾਕਟਰਾਂ ਦੀ ਟੀਮ ਜਸਵਿੰਦਰ ਜੀ ਨੂੰ ਸਿਹਤਯਾਬ ਕਰਨ ਦਾ ਯਤਨ ਕਰ ਰਹੇ ਸਨ। ਇੰਗਲੈਂਡ ਤੋਂ ਵੱਡੀ ਲੜਕੀ ਮਨਜੀਤ ਕੌਰ, ਦਿੱਲੀ ਤੋਂ ਹਰਜੀਤ ਕੌਰ ਅਤੇ ਅੰਮ੍ਰਿਤਸਰ ਤੋਂ ਬਲਬੀਰ ਕੌਰ ਆਪਣੇ ਪਿਤਾ ਦੀ ਸੇਵਾ ਵਿਚ ਅੰਤਮ ਸਮੇਂ ਤਕ ਜੁਟੀਆਂ ਰਹੀਆਂ। ਸਮੇਂ ਸਮੇਂ ਸਤਿਗੁਰੂ ਜੀ ਉਚੇਚਾ ਪੁੱਜ ਕੇ ਵੀ ਸਿਹਤ ਸਥਿਤੀ ਤੋਂ ਪਰਿਚਤ ਹੁੰਦੇ ਰਹੇ। ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਜੀ ਸੇਵਕ ਰਹੇ ਸੰਤ ਹਰਪਾਲ ਸਿੰਘ ਤੇ ਸੰਤ ਰਛਪਾਲ ਸਿੰਘ ਵੀ ਸਮੇਂ-ਸਮੇਂ ਹਸਪਤਾਲ ਪੁੱਜਕੇ ਹਿਸਟੋਰੀਅਨ ਜੀ ਦੀ ਸਿਹਤਯਾਬ ਹੋਣ ਦੀ ਕਾਮਨਾ ਕਰਦੇ ਹੋਏ ਪਰਿਵਾਰ ਨੂੰ ਧਰਵਾਸ ਦੇਂਦੇ ਰਹੇ। ਉਘੇ ਲੇਖਕ ਅਤੇ ਵਕਤਾ ਕਾਮਰੇਡ ਸੁਵਰਨ ਸਿੰਘ ਵਿਰਕ ਜਿਥੇ ਜਸਵਿੰਦਰ ਸਿੰਘ ਪ੍ਰਵਾਰ ਨਾਲ ਟੈਲੀਫੋਨਿਕ ਸੰਪਰਕ ਕਾਇਮ ਰਖਿਆ ਹੋਇਆ ਸੀ ਉਥੇ 27 ਮਈ ਨੂੰ ਵੀ ਆਪਣੇ ਇਕ ਸਾਥੀ ਗੁਰਚਰਨ ਸਿੰਘ ਧਾਲੀਵਾਲ ਨਾਲ ਲੁਧਿਆਣਾ ਵਿਖੇ ਹਸਪਤਾਲ ਪੁੱਜ ਕੇ ਸਿਹਤ ਸਬੰਧੀ ਜਾਣਕਾਰੀ ਲਈ। ਹੋਣੀ ਪ੍ਰਬਲ ਸਾਬਤ ਹੋਈ ਜੋ ਹਿਸਟੋਰੀਅਨ ਜੀ 31 ਮਈ ਨੂੰ ਸਵੇਰੇ ਸਵਾਸ ਛੱਡ ਗਏ।

ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਦੀ ਪਵਿੱਤਰ ਭੂਮੀ ਸ੍ਰੀ ਭੈਣੀ ਸਾਹਿਬ ਲੁਧਿਆਣਾ ਵਿਖੇ ਸੇਵਕ ਹਰਪਾਲ ਸਿੰਘ ਜੀ ਦੇ ਸੰਰਖਣ ਵਿਚ ਨਾਮਧਾਰੀ ਮਰਯਾਦਾ ਅਨੁਸਾਰ ਮਿਰਤਕ ਦੇਹ ਦਾ ਸਸਕਾਰ 31 ਮਈ ਨੂੰ ਹੀ ਬਾਅਦ ਦੁਪਹਿਰ ਕਰ ਦਿੱਤਾ ਗਿਆ। ਦਿੱਲੀ ਵਿਖੇ 9 ਜੂਨ ਅਯੋਜਿਤ ਭੋਗ ਸਮਾਗਮ 'ਤੇ ਉਘੇ ਲੇਖਕ ਸੁਵਰਨ ਸਿੰਘ ਵਿਰਕ ਵਲੋਂ ਹਿਸਟੋਰੀਅਨ ਜੀ ਸਬੰਧੀ ਜਾਣਕਾਰੀ ਦੇਂਦਾ ਮੈਟਰ ਅਤੇ ਫੋਟੋਆਂ ਸਹਿਤ ਰੰਗੀਨ ਛਪਿਆ ਫੋਲਡਰ ਨਾਮਧਾਰੀ ਦਰਬਾਰ ਵਲੋਂ ਵੰਡਿਆ ਗਿਆ।

**–ਸਰਬ ਸ਼ਕਤੀਮਾਨ**

## ਸ਼ੋਕ ਮਤਾ

ਚੰਡੀਗੜ੍ਹ: 2 ਜੂਨ: ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ (ਪ੍ਰਲੇਸ) ਨੇ ਪ੍ਰਬੁੱਧ ਵਿਦਵਾਨ ਇਤਿਹਾਸਕਾਰ ਸ਼੍ਰੀ ਜਸਵਿੰਦਰ ਸਿੰਘ ਹਿਸਟੋਰੀਅਨ ਦੇ ਸਦੀਵੀ ਵਿਛੋੜਾ ਦੇ ਜਾਣ 'ਤੇ ਦੁਖ ਅਤੇ ਸ਼ੋਕ ਦਾ ਇਜ਼ਹਾਰ ਕਰਦਿਆਂ ਉਹਨਾਂ ਪ੍ਰਤੀ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਹਨ। ਉੱਘੇ ਲੇਖਕ, ਪ੍ਰਬੁੱਧ ਵਿਦਵਾਨ ਅਤੇ ਇਕ ਪ੍ਰਭਾਵੀ ਵਕਤਾ ਵਜੋਂ ਜਾਣੇ ਜਾਂਦੇ ਸ਼੍ਰੀ ਜਸਵਿੰਦਰ ਸਿੰਘ ਹਿਸਟੋਰੀਅਨ ਨੇ ਵਿਸ਼ੇਸ਼ ਤੌਰ 'ਤੇ ਨਾਮਧਾਰੀ ਸੰਪਰਦਾਇ ਸੰਬੰਧੀ ਖੋਜ ਕਰਦਿਆਂ ਇਕ ਇਤਿਹਾਸਕਾਰ ਦੇ ਤੌਰ 'ਤੇ ਵੱਡੀ ਪਛਾਣ ਬਣਾਈ ਹੈ। ਉਹਨਾਂ ਨੇ ਨਾਮਧਾਰੀ ਸੰਪਰਦਾਇ ਦੇ ਇਤਿਹਾਸ ਸੰਬੰਧੀ ਵਡਮੁੱਲੀ ਖੋਜ ਕਰਦਿਆਂ ਜਿੱਥੇ ਮਹੱਤਵਪੂਰਣ ਇਤਿਹਾਸਕ ਪੁਸਤਕਾਂ ਅਤੇ ਹਵਾਲਾ-ਗ੍ਰੰਥਾਂ ਦੀ ਸਿਰਜਣਾ ਕੀਤੀ ਉਥੇ ਉਹਨਾਂ ਨੇ ਬਹੁਤ ਸਾਰੇ ਖੋਜੀਆਂ ਨੂੰ ਇਸ ਖੇਤਰ ਵਿਚ ਖੋਜ ਕਾਰਜ ਕਰਨ ਲਈ ਪ੍ਰੇਰਣਾ ਅਤੇ ਸੁਯੋਗ ਅਗਵਾਈ ਵੀ ਪ੍ਰਦਾਨ ਕੀਤੀ।

ਪ੍ਰਲੇਸ ਦੇ ਪ੍ਰਧਾਨ ਪੀ ਲਕਸ਼ਮੀਨਾਰਾਇਣਾ, ਕਾਰਜਕਾਰੀ ਪ੍ਰਧਾਨ ਵਿਭੂਤੀ ਨਾਰਾਇਣ ਰਾਏ, ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਕੌਮੀ ਪ੍ਰਧਾਨਗੀ ਮੰਡਲ ਦੇ ਮੈਂਬਰ ਕਾ. ਸੁਵਰਨ ਸਿੰਘ ਵਿਰਕ, ਕੌਮੀ ਸਕੱਤਰੇਤ ਦੇ ਮੈਂਬਰ ਡਾ. ਸਰਬਜੀਤ ਸਿੰਘ, ਡਾ. ਹਰਵਿੰਦਰ ਸਿੰਘ ਸਿਰਸਾ, ਉੱਘੇ ਲੇਖਕ-ਸੰਪਾਦਕ ਸਵਰਾਜਬੀਰ, ਡਾ. ਰਤਨ ਸਿੰਘ ਢਿੱਲੋਂ, ਡਾ. ਪਾਲ ਕੌਰ, ਜਸਪਾਲ ਮਾਨਖੇੜਾ, ਗੁਲਜ਼ਾਰ ਸਿੰਘ ਪੰਧੇਰ, ਪ੍ਰਲੇਸ ਪੰਜਾਬ ਦੇ ਪ੍ਰਧਾਨ ਪ੍ਰੋ. ਸੁਰਜੀਤ ਜੱਜ ਅਤੇ ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ ਨੇ ਸ਼੍ਰੀ ਜਸਵਿੰਦਰ ਸਿੰਘ ਹਿਸਟੋਰੀਅਨ ਦੇ ਸਦੀਵੀ ਵਿਛੋੜਾ ਦੇ ਜਾਣ 'ਤੇ ਉਹਨਾਂ ਦੇ ਪਰਿਵਾਰ, ਸੱਜਣਾਂ-ਸਨੇਹੀਆਂ, ਪ੍ਰਸ਼ੰਸਕਾਂ ਅਤੇ ਨਾਮਧਾਰੀ ਦਰਬਾਰ ਪ੍ਰਤੀ ਦਿਲੀ ਹਮਦਰਦੀ ਅਤੇ ਸ਼ੋਕ ਸੰਵੇਦਨਾਵਾਂ ਦਾ ਇਜ਼ਹਾਰ ਕੀਤਾ ਹੈ। ਪ੍ਰਲੇਸ ਦੀ ਕੇਂਦਰੀ ਲੀਡਰਸ਼ਿਪ ਨੇ ਕਿਹਾ ਹੈ ਕਿ ਸ਼੍ਰੀ ਜਸਵਿੰਦਰ ਸਿੰਘ ਹਿਸਟੋਰੀਅਨ ਦੁਆਰਾ ਸਾਹਿਤ, ਸਮੀਖਿਆ, ਖੋਜ, ਖ਼ਾਸ ਕਰ ਨਾਮਧਾਰੀ ਸੰਪਰਦਾਇ ਨਾਲ ਸੰਬੰਧਤ ਵਿਸ਼ੇਸ਼ ਇਤਿਹਾਸਕ ਗ੍ਰੰਥਾਂ ਦੀ ਸਿਰਜਣਾ ਅਤੇ ਨਾਮਧਾਰੀਆਂ ਦੇ ਸੁਤੰਤਰਤਾ ਸੰਗ੍ਰਾਮ ਵਿਚ ਪਾਏ ਯੋਗਦਾਨ ਦੀ ਨਿਸ਼ਾਨਦੇਹੀ ਕਰਕੇ ਉਸ ਨੂੰ ਸਾਹਮਣੇ ਲਿਆਉਣ ਦਾ ਜੋ ਵੱਡਮੁਲਾ ਕਾਰਜ ਕੀਤਾ ਹੈ, ਉਸ ਸਦਕਾ ਉਹਨਾਂ ਦੀ ਲੋਕ-ਮਨਾਂ ਵਿਚ ਸਿੰਮ੍ਰਤੀ ਸਦੀਵੀ ਬਣੀ ਰਹੇਗੀ।

**(ਡਾ. ਸੁਖਦੇਵ ਸਿੰਘ ਸਿਰਸਾ) ਜਨਰਲ ਸਕੱਤਰ**
**(ਡਾ. ਹਰਵਿੰਦਰ ਸਿੰਘ ਸਿਰਸਾ) ਮੈਂਬਰ, ਕੌਮੀ ਸਕੱਤਰੇਤ**

..............................................................

## ਸ੍ਰੀ ਸਤਿਗੁਰੂ ਜੀ ਦਾ ਦੌਰਾ ਇਲਾਕਾ ਸ੍ਰੀ ਜੀਵਨ ਨਗਰ

ਸਮੇਂ-ਸਮੇਂ ਮੁਤਾਬਿਕ ਉਚੇਚਾ ਟਾਈਮ ਦੇ ਕੇ ਸ੍ਰੀ ਸਤਿਗੁਰੂ ਦੇ ਸਿੰਘ ਜੀ ਇਲਾਕਾ ਸ੍ਰੀ ਜੀਵਨ ਨਗਰ ਦੀ ਸਾਧ ਸੰਗਤ ਨੂੰ ਮਾਨ ਬਖਸ਼ਦੇ ਹਨ ਅਤੇ ਉਹਨਾਂ ਦੇ ਹਰ ਦੁਖ ਸੁਖ ਵਿੱਚ ਉਚੇਚਾ ਸਮਾਂ ਦੇ ਕੇ ਨਿਵਾਜਦੇ ਹਨ।

ਮਿਤੀ 6 ਮਈ 2025 ਮੰਗਲਵਾਰ ਨੂੰ ਰਾਜਸਥਾਨ ਦੇ ਇਲਾਕਾ ਜੋੜਕੀਆਂ ਤੋਂ ਵਾਪਸ ਆਉਣ ਸਮੇਂ ਸ੍ਰੀ ਸਤਿਗੁਰੂ ਦੇ ਸਿੰਘ ਜੀ ਜ਼ਿਲ੍ਹਾ ਸਿਰਸਾ ਦੇ ਪਿੰਡ ਅੰਮ੍ਰਿਤਸਰ ਵਿਖੇ ਸ. ਪੂਰਨ ਸਿੰਘ ਰਾਣੀਆਂ ਵਾਲੇ ਦੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇੱਥੇ ਹੀ ਸ. ਕੁਲਵਿੰਦਰ ਸਿੰਘ ਕੁੱਲਾ ਮੌਜੂ ਖੇੜਾ ਤੇ ਸ. ਜਤਿੰਦਰ ਸਿੰਘ ਚੀਮਾ ਦਰਸ਼ਨ ਕਰਨ ਲਈ ਆਏ ਜਿਕਰਯੋਗ ਹੈ ਕਿ ਇਸ ਦਿਨ ਹੀ ਸ. ਕੁਲਵਿੰਦਰ ਸਿੰਘ ਘੁਲਾ ਨੂੰ ਕੋ-ਪਰੇਟਿਵ ਬੈਂਕ ਦਾ ਚੇਅਰਮੈਨ ਬਨਣ ਦਾ ਸਬੱਬ ਬਣਿਆ ਹੈ। ਪਰਿਵਾਰ ਨੇ ਸ੍ਰੀ ਸਤਿਗੁਰੂ ਜੀ ਦਾ ਉਚੇਚਾ ਧੰਨਵਾਦ ਕੀਤਾ। ਅੰਮ੍ਰਿਤਸਰ ਤੋਂ ਚੱਲ ਕੇ ਪਿੰਡ ਸੰਤ ਨਗਰ ਵਿਖੇ ਸ. ਪੂਰਨ ਸਿੰਘ ਵਰਨ ਦੇ ਘਰ ਦਰਸ਼ਨ ਦਿੱਤੇ ਸੀ। ਉਸ ਦੀ ਸਿਹਤ ਦਾ ਹਾਲ ਚਾਲ ਪੁੱਛਿਆ। ਪਿੰਡ ਜੀਵਨ ਨਗਰ ਵਿਖੇ ਸ. ਦੇਵਾ ਸਿੰਘ ਪੁੱਤਰ ਜਸਵੰਤ ਸਿੰਘ ਦੇ ਲੜਕੇ ਅਵੀਰਾਜ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਮਸਤਾਨਗੜ੍ਹ ਪਹੁੰਚ ਕੇ ਆਈ ਸਾਧ ਸੰਗਤ ਦੀਆਂ ਅਰਜ਼ਾਂ ਸੁਣੀਆਂ ਤੇ ਸ. ਪਰਸ਼ੋਤਮ ਸਿੰਘ ਪੁੱਤਰ ਸ਼ਿੰਗਾਰ ਸਿੰਘ ਦੀ ਘਰੋਂ ਬੀਬੀ ਤੇ ਚੜ੍ਹਾਈ ਕਰਨ ਤੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਮਸਤਾਨਗੜ੍ਹ ਰਾਤ ਵਿਸ਼ਰਾਮ ਕੀਤਾ।

**ਮਿਤੀ 7 ਮਈ 2025 ਦਿਨ ਬੁੱਧਵਾਰ** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਬੰਸ ਸਿੰਘ ਘੁੱਲਾ, ਸਰਮੁਖ ਸਿੰਘ ਤੇ ਸ਼ਾਮ ਸਿੰਘ ਨੇ ਸੰਤ ਨਗਰ ਵਿਖੇ ਪ੍ਰਤਾਪ ਮੰਦਰ ਵਿੱਚ ਕੀਤਾ। ਵਾਰ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ

ਕਰਦੇ ਹੋਏ ਸਾਧ ਸੰਗਤ ਨੂੰ ਹੁਕਮ ਕੀਤਾ ਕਿ ਸਿੱਖੀ ਬੜੀ ਅਮੋਲਕ ਦਾਤ ਹੈ। ਇਸ ਲਈ ਸੂਰਜ ਚੜਨ ਤੋਂ ਪਹਿਲਾਂ ਸਣੇ ਕੇਸ਼ੀ ਇਸ਼ਨਾਨ ਜ਼ਰੂਰ ਸਾਰੇ ਕਰ ਲਿਆ ਕਰੋ।

ਪ੍ਰੋਗਰਾਮ ਦੀ ਸਮਾਪਤੀ ਬਾਅਦ ਸੰਤ ਨਗਰ ਵਿਖੇ ਮਹਿੰਦਰ ਸਿੰਘ ਪੁੱਤਰ ਸੰਤੋਖ ਸਿੰਘ ਭਗਤ, ਕਰਤਾਰ ਸਿੰਘ ਨਾਥ ਪੁੱਤਰ ਪਿਆਰਾ ਸਿੰਘ, ਬੀਬੀ ਕਸ਼ਮੀਰ ਕੌਰ ਪਤਨੀ ਸ. ਗਿਆਨ ਸਿੰਘ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਜੋਗਿੰਦਰ ਸਿੰਘ ਪੁੱਤਰ ਗੁਰਬਖਸ਼ ਸਿੰਘ ਦੇ ਚੜ੍ਹਾਈ ਕਰਨ ਦੇ ਪਰਿਵਾਰ ਨੂੰ ਦਰਸ਼ਨ ਦਿੱਤੇ। ਧਰਮ ਸਿੰਘ ਪੁੱਤਰ ਗੁਰਦੀਪ ਸਿੰਘ ਸਮਸਾ, ਇੰਦਰ ਸਿੰਘ ਪੁੱਤਰ ਰਘਬੀਰ ਸਿੰਘ ਪਿੰਡ ਕਰੀਵਾਲ ਸੁਖਦੇਵ ਸਿੰਘ ਪੁੱਤਰ ਜਰਨੈਲ ਸਿੰਘ ਰਸ਼ਪਾਲ ਦੇ ਲੜਕੇ ਰੂਪ ਮਾਨ ਸਿੰਘ ਦੇ ਕੈਨੇਡਾ ਵਿੱਚ ਚੜ੍ਹਾਈ ਕਰਨ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਸ. ਗੁਰਚਰਨ ਸਿੰਘ ਪੁੱਤਰ ਅਜੈਬ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਪਿੰਡ ਸੰਤ ਨਗਰ ਬੂਟਾ ਸਿੰਘ, ਹਰਭੈਣ ਸਿੰਘ, ਲਖਬੀਰ ਸਿੰਘ ਪੁੱਤਰ ਸ. ਮੁਖਤਿਆਰ ਸਿੰਘ ਦੇ ਪਰਿਵਾਰਾਂ ਨੂੰ ਦਰਸ਼ਨ ਦੇ ਕੇ ਨਿਵਾਜ਼ਿਆ। ਰਾਣੀਆਂ ਸ਼ਹਿਰ ਵਿਖੇ ਸੁਖਦੇਵ ਸਿੰਘ ਪੁੱਤਰ ਧਰਮ ਸਿੰਘ ਜੋ ਕਿ ਬਿਮਾਰ ਸਨ ਦਾ ਹਾਲ-ਚਾਲ ਪੁੱਛਿਆ। ਬੂਟਾ ਸਿੰਘ ਪੁੱਤਰ ਹਕੀਮ ਬਲਦੇਵ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ।

ਨਾਮਧਾਰੀ ਧਰਮਸ਼ਾਲਾ ਸਿਰਸਾ ਸ਼ਹਿਰ ਵਿਖੇ ਸ. ਸਾਜਨ ਸਿੰਘ ਪੁੱਤਰ ਜਗੀਰ ਸਿੰਘ ਦੇ ਚੜ੍ਹਾਈ ਕਰਨ ਤੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਸ਼੍ਰੀ ਸਤਿਗੁਰੂ ਜੀ ਨੇ ਕੀਤੀ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਸੂਬਾ ਸੰਦੀਪ ਸਿੰਘ ਕਰੀਵਾਲਾ ਨੇ ਦੀਵਾਨ ਸਜਾਇਆ। ਸ. ਸੁਖਚੈਨ ਸਿੰਘ ਭੰਬੂਰ ਨੇ ਸ਼ਰਧਾਂਜਲੀ ਸ਼ਬਦ ਕਹੇ ਅਤੇ ਪਵਿੱਤਰ ਗੁਰਬਾਣੀ ਦੇ ਪਾਠਾਂ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸਾਜਨ ਸਿੰਘ ਨੇ ਦੇ ਨਮਿੱਤ ਪਾਇਆ ਗਿਆ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਵਾਪਸ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ ਤਾਂ ਰਸਤੇ ਵਿੱਚ ਪਨਿਹਾਰੀ ਸੰਤ ਜਗਤਾਰ ਸਿੰਘ ਦੇ ਗ੍ਰਹਿ ਵਿਖੇ ਪਿੰਡ ਪਨਹਾਰੀ ਵਿਖੇ ਸ੍ਰੀ ਸਤਿਗੁਰੂ ਜੀ ਨੇ ਕੁਝ ਸਮਾਂ ਦਰਸ਼ਨ ਦੇਣ ਉਪਰੰਤ ਅਤੇ ਜਲ ਪਾਣੀ ਛਕਣ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਚੱਲ ਪਏ।

**ਸੂਬਾ ਬਲਵਿੰਦਰ ਸਿੰਘ ਝੱਲ**

.......................................................

## ਦਿੱਲੀ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਦਿੱਲੀ ਨਿਵਾਸੀ ਸਾਧ ਸੰਗਤ ਜੋ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ੇਸ਼ ਕਿਰਪਾ ਦੀ ਪਾਤਰ ਰਹੀ ਹੈ। ਉਸ ਪਰੰਪਰਾ ਨੂੰ ਹੇ ਨਿਰੰਤਰ ਜਾਰੀ ਰੱਖਦੇ ਹੋਏ ਸ੍ਰੀ ਸਤਿਗੁਰੂ ਦੇ ਸਿੰਘ ਜੀ ਦਿੱਲੀ ਨੂੰ ਅਸੀਂ ਸਾਧ ਸੰਗਤ ਨੂੰ ਦਰਸ਼ਨ ਦੇ ਕੇ ਨਿਵਾਜਦੇ ਹਨ।

**ਮਿਤੀ 28 ਮਈ 2025 ਦਿਨ ਬੁੱਧਵਾਰ** ਸਵੇਰੇ ਸ਼੍ਰੀ ਭੈਣੀ ਸਾਹਿਬ ਤੋਂ ਚੱਲ ਕੇ ਸ੍ਰੀ ਸਤਿਗੁਰੂ ਜੀ ਨੇ ਦਿੱਲੀ ਦਰਸ਼ਨ ਦੇਣ ਦੀ ਕਿਰਪਾ ਕੀਤੀ। 17 ਰਜੌਰੀ ਗਾਰਡਨ ਆਪਣੇ ਡੇਰੇ ਵਿਸ਼ਰਾਮ ਕਰਨ ਉਪਰੰਤ ਦਿੱਲੀ ਸਤਿਗੁਰੂ ਜੀ ਨੇ ਭਾਰਤੀ ਜਨਤਾ ਪਾਰਟੀ ਦੀ ਸਤਿਕਾਰਯੋਗ ਸ਼ਖਸ਼ੀਅਤ ਸ੍ਰੀ ਧਰਮ ਚੁੱਗ ਜੀ ਦੇ ਨਿਵਾਸ ਸਥਾਨ ਤੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਤਰੁਣ ਚੁੱਗ ਜੀ ਦੇ ਸਮੁੱਚੇ ਪਰਿਵਾਰ ਨੂੰ ਸ੍ਰੀ ਸਤਿਗੁਰੂ ਜੀ ਦਾ ਫੁੱਲਾਂ ਦੇ ਗੁਲਦਸਤਿਆਂ ਨਾਲ ਹਾਰਦਿਕ ਸਵਾਗਤ ਕੀਤਾ। ਇੱਥੇ ਹੀ ਭਾਰਤੀ ਜਨਤਾ ਪਾਰਟੀ ਦੇ ਜਥੇਬੰਦਕ ਸਕੱਤਰ ਸ੍ਰੀ ਬੀ. ਐਲ. ਸੰਤੋਖ ਜੀ ਵੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਉਚੇਚਾ ਪਧਾਰੇ। ਇਸ ਮਿਲਨੀ ਸਮੇਂ ਧਾਰਮਿਕ ਅਤੇ ਰਾਜਨੀਤਿਕ ਵਿਚਾਰ ਵਟਾਂਦਰਾ ਹੁੰਦਾ ਰਿਹਾ। ਇਸ ਸਮੇਂ ਸ. ਗੁਰਭੇਜ ਸਿੰਘ ਗੁਰਾਇਆ ਐਡਵੋਕੇਟ ਅਤੇ ਸ. ਜਸਵੰਤ ਸਿੰਘ ਨਾਮਧਾਰੀ ਵੀ ਹਾਜ਼ਰ ਸਨ।

ਅੱਜ ਦੇ ਦਿਨ ਰਾਜਨੀਤਿਕ ਹਸਤੀਆਂ ਦੀ ਮਿਲਣੀ ਨੂੰ ਲੈ ਕੇ ਕਾਫੀ ਰੁਝੇਵਿਆਂ ਭਰਿਆ ਦਿਨ ਸੀ। ਕਿਉਂਕਿ ਅੱਜ ਹੀ ਸ੍ਰੀ ਸਤਿਗੁਰੂ ਜੀ ਨੇ ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸ੍ਰੀ ਜੇ. ਪੀ. ਨੱਡਾ ਦੇ ਗ੍ਰਹਿ ਵਿਖੇ ਵੀ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਨੱਢਾ ਜੀ ਹਿਮਾਚਲ ਪ੍ਰਦੇਸ਼ ਨਾਲ ਸੰਬੰਧਿਤ ਹਨ। ਅਤੇ ਉਨਾਂ ਨੇ ਜਿਕਰ ਕੀਤਾ। ਉਹਨਾਂ ਨੇ ਮੰਡੀ ਹਿਮਾਚਲ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਵੀ ਕੀਤੇ ਹਨ। ਇਸ ਪ੍ਰੇਮ ਭਰੀ ਮਿਲਣੀ ਸਮੇਂ ਸ੍ਰੀ ਨੱਢਾ ਜੀ ਨੇ ਸ੍ਰੀ ਭੈਣੀ ਸਾਹਿਬ ਆਣ ਕੇ ਦਰਸ਼ਨ ਕਰਨ ਦੀ ਇੱਛਾ ਵੀ ਜਾਹਿਰ ਕੀਤੀ। ਸ੍ਰੀ ਨੱਢਾ ਜੀ ਨੇ ਦਰਸ਼ਨ ਦੇਣ ਤੇ ਸ੍ਰੀ ਸਤਿਗੁਰੂ ਜੀ ਦਾ ਹਾਰਦਿਕ ਸਵਾਗਤ ਅਤੇ ਧੰਨਵਾਦ ਵੀ ਕੀਤਾ। ਰਾਤ ਡੇਰੇ ਆਪ ਵਿਸ਼ਰਾਮ ਕੀਤਾ।

**ਸੂਬਾ ਬਲਵਿੰਦਰ ਸਿੰਘ ਝੱਲ**

.......................................................

# ਕੌਮੀ ਸ਼ਹੀਦ ਸੂਬਾ ਸਾਹਿਬ ਸਿੰਘ ਜੀ ਦੀ ਯਾਦ ਵਿਚ ਬਨਵਾਲੀਪੁਰ (ਤਰਨਤਾਰਨ) ਚ ਜੋੜ ਮੇਲਾ ਮਨਾਇਆ ਗਿਆ।

10.06.2025












Date of Publication: 21 June 2025
Date of Posting: 23 June 2025

RNI NO.55658/93
LDM/008/2021-2023

NS
NAMDHARI SEEDS
Fresh & Healthy



for more information
+91-80-28602167

www.namdhariseeds.com

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.